# ਸ਼ਬਦ

## ਗੁਰੂ ਰਾਮਦਾਸ



### ਸ਼ਖ਼ਸੀਅਤ ਤੇ ਰਚਨਾ

ਗੁਰੂ ਰਾਮਦਾਸ ਜੀ ਦਾ ਜਨਮ ਚੂਨਾ ਮੰਡੀ, ਲਾਹੌਰ ਵਿਖੇ ਪਿਤਾ ਹਰਿਦਾਸ ਤੇ ਮਾਤਾ ਦਇਆ ਕੌਰ ਦੇ ਘਰ ਹੋਇਆ।

ਆਪ ਨਿਮਰਤਾ ਦੀ ਮੂਰਤ, ਵਿਦਿਆ, ਕਲਾ, ਕਵਿਤਾ, ਸੰਗੀਤ ਅਤੇ ਸ਼ਿਲਪ ਦੇ ਪ੍ਰੇਮੀ, ਦਇਆ, ਪ੍ਰੇਮ ਤੇ ਉਦਾਰਤਾ ਦੇ ਪ੍ਰਤੀਕ ਸਨ। ਆਪ ਜੀ ਨੇ ਗੁਰੂ ਰਾਮਦਾਸਪੁਰ ਚੱਕ ਵਸਾਇਆ, ਜਿਸ ਨੂੰ ਅੱਜ-ਕਲ੍ਹ ਸਿਫ਼ਤੀ ਦਾ ਘਰ ਅੰਮ੍ਰਿਤਸਰ ਕਿਹਾ ਜਾਂਦਾ ਹੈ। ਗੁਰੂ ਰਾਮਦਾਸ ਜੀ ਨੇ ਆਪਣੀ ਬਾਣੀ ਰਾਹੀਂ ਅਮੀਰ ਵਿਰਸੇ ਦੀ ਸੰਭਾਲ ਕੀਤੀ। ਗੁਰੂ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ 31 ਰਾਗਾਂ ਵਿਚੋਂ 30 ਰਾਗਾਂ ਵਿੱਚ ਬਾਣੀ ਦੀ ਰਚਨਾ ਕੀਤੀ। ਆਪ ਜੀ ਨੇ ਪਦਿਆਂ, ਅਸ਼ਟਪਦੀਆਂ, ਛੰਦਾਂ, ਸਲੋਕਾਂ ਦੇ ਨਾਲ-ਨਾਲ ਪਹਿਰੇ, ਵਣਜਾਰਾ, ਕਰਹਲੇ, ਘੋੜੀਆਂ, ਸੋਹਿਲੇ ਅਤੇ ਅਠਵਾਰਾ ਦੀ ਰਚਨਾ ਵੀ ਕੀਤੀ। ਆਪ ਜੀ ਦੀ ਬਾਣੀ ਦੀ ਵਿਲੱਖਣਤਾ ਉਸ ਵਿਚਲਾ ਸਰੋਦੀ ਅੰਸ਼ ਹੈ। ਆਪ ਜੀ ਦੀਆਂ ਰਚਨਾਵਾਂ ਦਾ ਆਕਾਰ ਛੋਟਾ ਹੈ ਪਰ ਤੁੱਕ-ਪ੍ਰਬੰਧ ਜ਼ਿਆਦਾਤਰ ਲੰਮਾ ਹੈ। ਆਪ ਜੀ ਦੀ ਬਾਣੀ ਵਿੱਚ ਗੁਰੂ, ਗੁਰਬਾਣੀ, ਗੁਰਸਿੱਖਾਂ ਪ੍ਰਤੀ ਅਪਾਰ ਸ਼ਰਧਾ ਦੀ ਵਿਸ਼ੇਸ਼ ਝਲਕ ਮਿਲਦੀ ਹੈ। ਆਪ ਜੀ ਨੇ ਆਪਣੀ ਬਾਣੀ ਵਿੱਚ ਗੁਰਮੁਖ ਅਤੇ ਮਨਮੁਖ ਦੇ ਅੰਤਰ ਨੂੰ ਵੀ ਖੋਹਲ ਕੇ ਸਮਝਾਇਆ ਹੈ। ਆਪ ਜੀ ਨੇ ਅਰਦਾਸ ਦੀ ਮਹੱਤਤਾ ਉੱਤੇ ਜ਼ੋਰ ਦਿੱਤਾ ਤੇ ਸਿੱਖਾਂ ਨੂੰ ਪ੍ਰੇਰਨਾ ਦਿੱਤੀ ਕਿ ਕਿਸੇ ਵੀ ਕੰਮ ਦੀ ਅਰੰਭਤਾ ਸਮੇਂ ਆਪ ਹੀ ਪ੍ਰਭੂ ਅਗੇ ਅਰਦਾਸ ਕਰੋ -

'ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ।'

ਸਮਾਜ ਸੁਧਾਰ ਦਾ ਕਾਰਜ ਵੀ ਆਪ ਦੀ ਰਚਨਾ ਵਿੱਚ ਸਪਸ਼ਟ ਨਜ਼ਰੀਂ ਆਉਂਦਾ ਹੈ।

ਗੁਰੂ ਰਾਮਦਾਸ ਜੀ ਦੀ ਬਾਣੀ ਪੜ੍ਹਦਿਆਂ ਇਸ ਤਰ੍ਹਾਂ ਲਗਦਾ ਹੈ ਜਿਵੇਂ ਉਹ ਆਪਣੇ ਪਿਆਰੇ ਦੇ ਸਾਹਮਣੇ ਬੈਠ ਕੇ ਉਸ ਨਾਲ ਪਿਆਰ ਦੀਆਂ ਗੱਲਾਂ ਕਰ ਰਹੇ ਹੋਣ। ਆਪ ਜੀ ਨੇ ਪ੍ਰਭੂ ਦੇ ਆਸਰੇ ਨੂੰ ਹੀ ਸਰਬ ਉੱਚ ਮੰਨਿਆ ਅਤੇ ਮਨ ਦੀ ਚਤੁਰਾਈ ਤੇ ਧਨ ਦੇ ਹੰਕਾਰ ਨੂੰ ਨਿੰਦਿਆ। ਪ੍ਰਭੂ ਦੇ ਭਾਣੇ ਵਿੱਚ ਰਹਿ ਕੇ ਪ੍ਰਭੂ-ਚਰਨਾਂ ਵਿੱਚ ਜੁੜੇ ਰਹਿਣ ਨੂੰ ਹੀ ਉਹ ਆਪਣੇ ਜੀਵਨ ਦਾ ਮਨੋਰਥ ਸਮਝਦੇ ਹਨ।

## ਇਛਾ ਪੂਰਕੁ ਸਰਬ ਸੁਖ ਦਾਤਾ

ਇਛਾ ਪੂਰਕੁ ਸਰਬ ਸੁਖ ਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ॥
ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ ਤਾ ਸਰਬ ਸੁਖ ਪਾਵਹਿ ਮੇਰੇ ਮਨਾ॥੧॥
ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ॥
ਹਲਤਿ ਪਲਤਿ ਮੁਖ ਊਜਲ ਹੋਈ ਹੈ ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ॥ ਰਹਾਉ॥
ਜਹ ਹਰਿ ਸਿਮਰਨੁ ਭਇਆ ਤਹ ਉਪਾਧਿ ਗਤੁ ਕੀਨੀ ਵਡਭਾਗੀ ਹਰਿ ਜਪਨਾ॥
ਜਨ ਨਾਨਕ ਕਉ ਗੁਰਿ ਇਹ ਮਤਿ ਦੀਨੀ ਜਪਿ ਹਰਿ ਭਵਜਲੁ ਤਰਨਾ॥੨॥੬॥੧੨॥

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਇਛਾ ਪੂਰਕੁ | :ਸਾਰੀਆਂ ਖਾਹਿਸ਼ਾਂ ਨੂੰ ਪੂਰਾ ਕਰਨ ਵਾਲਾ ਸਭ ਸੁੱਖ ਦੇਣ ਵਾਲਾ ਹਰੀ ਹੈ, ਜਿਸ ਦੇ ਵੱਸ ਵਿੱਚ ਕਾਮਧੇਨੁ ਹੈ। (ਕਾਮਧੇਨੁ- ਸਵਰਗ ਦੀ ਉਹ ਗਊ ਹੈ ਜੋ ਸਭ ਮੁਰਾਦਾਂ ਪੂਰੀਆਂ ਕਰਦੀ ਹੈ।) |
| ਮੇਰੇ ਜੀਅੜੇ | :ਮੇਰੇ ਮਨ |
| ਧਿਆਈਐ | :ਯਾਦ ਕਰੀਏ |
| ਹਲਤਿ ਪਲਤਿ | :ਲੋਕ-ਪਰਲੋਕ |
| ਹਰਿ | :ਹਰੀ ਜੋ ਮਾਇਆ ਤੋਂ ਰਹਿਤ ਹੈ। |
| ਜਹ | :ਜਿੱਥੇ ਹਰੀ ਦਾ ਸਿਮਰਨ ਹੁੰਦਾ ਹੈ ਉੱਥੋਂ ਝਗੜਾ, ਬਿਪਤਾ ਨੱਠ ਜਾਂਦੀ ਹੈ। |
| ਉਪਾਧਿ | :ਭੁਲੇਵਾਂ, ਛਲ |
| ਗਤੁ | :ਹਾਲਤ |
| ਮਤਿ | :ਸਮਝ |
| ਭਵਜਲੁ | :ਸੰਸਾਰ ਰੂਪੀ ਸਮੁੰਦਰ |

## ਟਿੱਪਣੀ

ਉਪਰੋਕਤ ਪਾਠ ਵਿਚ ਗੁਰੂ ਰਾਮਦਾਸ ਜੀ ਨੇ ਪਰਮਾਤਮਾ ਦੇ ਨਾਮ ਦੀ ਮਹਿਮਾ ਸਮਝਾਈ ਹੈ। ਆਪ ਕਹਿੰਦੇ ਹਨ ਹੇ ਮੇਰੀਏ ਜਿੰਦੇ ! ਜਿਹੜਾ ਪ੍ਰਭੂ ਸਾਰੀਆਂ ਇੱਛਾਵਾਂ/ ਕਾਮਨਾਵਾਂ ਨੂੰ ਪੂਰਾ ਕਰਨ ਵਾਲਾ ਹੈ, ਜਿਹੜਾ ਸਾਰੇ ਸੁੱਖ ਦੇਣ ਵਾਲਾ ਹੈ, ਜਿਸ ਦੇ ਵੱਸ ਵਿੱਚ ਕਾਮਧੇਨ (ਮਿਥ ਅਨੁਸਾਰ ਸਵਰਗ ਦੀ ਉਹ ਗਊ ਜੋ ਸਭ ਮੁਰਾਦਾਂ ਪੂਰੀਆਂ ਕਰਦੀ ਹੈ) ਹੈ, ਅਜਿਹੀ ਸਮਰੱਥਾ ਵਾਲੇ ਪਰਮਾਤਮਾ ਦਾ ਸਿਮਰਨ ਕਰਨਾ ਚਾਹੀਦਾ ਹੈ। ਹੇ ਮੇਰੇ ਮਨ ! ਜਦੋਂ ਤੂੰ ਪਰਮਾਤਮਾ ਦਾ ਸਿਮਰਨ ਕਰਨ ਲੱਗ ਜਾਵੇਂਗਾ ਤਾਂ ਤੈਨੂੰ ਸਾਰੇ ਸੁੱਖ ਹਾਸਲ ਹੋ ਜਾਣਗੇ। ਤੂੰ ਸਦਾ-ਥਿਰ ਰਹਿਣ ਵਾਲੇ ਪ੍ਰਭੂ ਦਾ ਨਾਮ ਜਪਿਆ ਕਰ। ਪ੍ਰਭੂ ਦਾ ਨਾਮ ਜਪਣ ਨਾਲ ਹੀ ਤੇਰੀ ਲੋਕ-ਪਰਲੋਕ ਵਿੱਚ ਇੱਜ਼ਤ ਹੋਵੇਗੀ।

ਹੇ ਭਾਈ ! ਜਿਹੜੇ ਹਿਰਦੇ ਵਿੱਚ ਪਰਮਾਤਮਾ ਦੀ ਲਗਨ ਹੁੰਦੀ ਹੈ ਉਸ ਅੰਦਰੋਂ ਹਰ ਕਿਸਮ ਦੇ ਉਪਾਧੀਆਂ ਤੇ ਝਗੜੇ-ਝਮੇਲੇ ਦੂਰ ਹੋ ਜਾਂਦੇ ਹਨ। ਪਰ ਫਿਰ ਵੀ ਵੱਡੇ ਭਾਗਾਂ ਨਾਲ ਹੀ ਪਰਮਾਤਮਾ ਦੀ ਭਜਨ-ਬੰਦਗੀ ਹੋ ਸਕਦੀ ਹੈ। ਹੇ ਭਾਈ ! ਦਾਸ ਨਾਨਕ ਨੂੰ ਗੁਰੂ ਨੇ ਇਹ ਸਮਝ ਬਖ਼ਸ਼ੀ ਹੈ ਕਿ ਪਰਮਾਤਮਾ ਦਾ ਨਾਮ ਜਪ ਕੇ ਹੀ ਸੰਸਾਰ ਰੂਪੀ ਸਮੁੰਦਰ ਤੋਂ ਪਾਰ ਲੰਘਿਆ ਜਾ ਸਕਦਾ ਹੈ।

## ਅਭਿਆਸ

**1. ਦੱਸੋ ਖਾਂ ਭਲਾ :**

(i) ਇਨ੍ਹਾਂ ਕਾਵਿ-ਸਤਰਾਂ ਅਨੁਸਾਰ ਕਾਮਧੇਨ ਕਿਸ ਦੇ ਵੱਸ ਵਿੱਚ ਹੈ ?

(ii) ਕੋਈ ਵੀ ਜੀਵ-ਆਤਮਾ ਲੋਕ-ਪਰਲੋਕ ਵਿੱਚ ਕਿਸ ਤਰ੍ਹਾਂ ਦੀ ਇੱਜ਼ਤ ਪ੍ਰਾਪਤ ਕਰ ਸਕਦੀ ਹੈ ?

(iii) ਇਸ ਸ਼ਬਦ ਰਾਹੀਂ ਗੁਰੂ ਰਾਮਦਾਸ ਜੀ ਨੇ ਜੀਵ-ਆਤਮਾ ਨੂੰ ਕੀ ਸਿੱਖਿਆ ਦਿੱਤੀ ਹੈ ?

**2. ਹੇਠ ਲਿਖੀਆਂ ਕਾਵਿ-ਸਤਰਾਂ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :**

ਇਛਾ ਪੂਰਕੁ ਸਰਬ ਸੁਖ ਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ॥
ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ ਤਾ ਸਰਬ ਸੁਖ ਪਾਵਹਿ ਮੇਰੇ ਮਨਾ॥੧॥

(i) ਉਪਰੋਕਤ ਸਤਰਾਂ ਦੇ ਰਚਨਾਕਾਰ ਦਾ ਨਾਂ ਲਿਖੋ।
(ii) ਇਨ੍ਹਾਂ ਕਾਵਿ-ਸਤਰਾਂ ਦਾ ਕੇਂਦਰੀ ਭਾਵ ਲਿਖੋ।
(iii) 'ਇਛਾ ਪੂਰਕੁ' ਅਤੇ 'ਕਾਮਧੇਨਾ' ਦੇ ਅਰਥ ਲਿਖੋ।
(iv) ਉਪਰੋਕਤ ਕਾਵਿ-ਸਤਰਾਂ ਵਿੱਚ ਕਿਸ ਨੂੰ ਸੰਬੋਧਨ ਕੀਤਾ ਗਿਆ ਹੈ ?

**3. ਹੇਠ ਲਿਖੀਆਂ ਕਾਵਿ-ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ॥
ਹਲਤਿ ਪਲਤਿ ਮੁਖ ਊਜਲ ਹੋਈ ਹੈ ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ॥ਰਹਾਉ॥
ਜਹ ਹਰਿ ਸਿਮਰਨੁ ਭਇਆ ਤਹ ਉਪਾਧਿ ਗਤੁ ਕੀਨੀ ਵਡਭਾਗੀ ਹਰਿ ਜਪਨਾ॥
ਜਨ ਨਾਨਕ ਕਉ ਗੁਰਿ ਇਹ ਮਤਿ ਦੀਨੀ ਜਪਿ ਹਰਿ ਭਵਜਲੁ ਤਰਨਾ॥੨॥੬॥੧੨॥

## ਜੇ ਗੁਰੁ ਝਿੜਕੇ ਤ ਮੀਠਾ ਲਾਗੈ

ਜੇ ਗੁਰੁ ਝਿੜਕੇ ਤ ਮੀਠਾ ਲਾਗੈ ਜੇ ਬਖਸੇ ਤ ਗੁਰ ਵਡਿਆਈ॥੨੫॥
ਗੁਰਮੁਖਿ ਬੋਲਹਿ ਸੋ ਥਾਇ ਪਾਏ ਮਨਮੁਖਿ ਕਿਛੁ ਥਾਇ ਨ ਪਾਈ॥੨੬॥
ਪਾਲਾ ਕਕਰੁ ਵਰਫ ਵਰਸੈ ਗੁਰਸਿਖੁ ਗੁਰ ਦੇਖਣ ਜਾਈ॥੨੭॥
ਸਭੁ ਦਿਨਸੁ ਰੈਣਿ ਦੇਖਉ ਗੁਰੁ ਅਪੁਨਾ ਵਿਚਿ ਅਖੀ ਗੁਰ ਪੈਰ ਧਰਾਈ॥੨੮॥
ਅਨੇਕ ਉਪਾਵ ਕਰੀ ਗੁਰ ਕਾਰਣਿ ਗੁਰ ਭਾਵੈ ਸੋ ਥਾਇ ਪਾਈ॥੨੯॥
ਰੈਣਿ ਦਿਨਸੁ ਗੁਰ ਚਰਣ ਅਰਾਧੀ ਦਇਆ ਕਰਹੁ ਮੇਰੇ ਸਾਈ॥੩੦॥
ਨਾਨਕ ਕਾ ਜੀਉ ਪਿੰਡੁ ਗੁਰੂ ਹੈ ਗੁਰ ਮਿਲਿ ਤ੍ਰਿਪਤਿ ਅਘਾਈ॥੩੧॥
ਨਾਨਕ ਕਾ ਪ੍ਰਭੁ ਪੂਰਿ ਰਹਿਓ ਹੈ ਜਤ ਕਤ ਤਤ ਗੋਸਾਈ॥੩੨॥੧॥

## ਟਿੱਪਣੀ

ਗੁਰੂ ਰਾਮਦਾਸ ਜੀ ਕਹਿੰਦੇ ਹਨ ਕਿ ਜੇ ਮੈਨੂੰ ਮੇਰਾ ਗੁਰੂ ਮੇਰੀ ਕਿਸੇ ਭੁੱਲ ਕਾਰਨ ਝਿੜਕ ਦੇਵੇ ਤਾਂ ਉਸ ਦੀ ਉਹ ਝਿੜਕ ਮੈਨੂੰ ਪਿਆਰੀ ਲਗਦੀ ਹੈ। ਜੇ ਗੁਰੂ ਮੇਰੇ ਉੱਤੇ ਮਿਹਰ ਦੀ ਨਿਗਾਹ ਕਰਦਾ ਹੈ ਤਾਂ ਇਹ ਗੁਰੂ ਦੀ ਹੀ ਵਡਿਆਈ ਹੈ। ਗੁਰੂ ਦੇ ਸਨਮੁਖ ਰਹਿਣ ਵਾਲੇ

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਬਖ਼ਸ਼ੇ | :ਮਿਹਰ ਕਰੇ |
| ਗੁਰਮੁਖਿ | :ਗੁਰੂ ਨੂੰ ਮੰਨਣ ਵਾਲੇ |
| ਥਾਇ ਪਾਏ | :ਪਰਵਾਨ ਕਰਨਾ |
| ਮਨਮੁਖਿ | :ਮਨ ਦੇ ਪਿੱਛੇ ਤੁਰਨ ਵਾਲੇ |
| ਪਾਲਾ ਕੁਕਰੁ | :ਬਹੁਤ ਜ਼ਿਆਦਾ ਠੰਢ |
| ਵਰਫ | :ਬਰਫ਼ |
| ਦਿਨਸੁ ਰੈਣ | :ਦਿਨ ਰਾਤ |
| ਧਰਾਈ | :ਵਸਾਈ ਰੱਖਣਾ |
| ਅਨੇਕ | :ਕਈ |
| ਉਪਾਵ | :ਜਤਨ |
| ਸਾਈ | :ਰੱਬ |
| ਜੀਉ ਪਿੰਡ | :ਸਰੀਰ |
| ਤ੍ਰਿਪਤਿ ਆਘਾਈ | :ਰੱਜ ਜਾਂਦਾ ਹੈ |

ਮਨੁੱਖ ਜਿਹੜੇ ਬਚਨ ਬੋਲਦੇ ਹਨ, ਗੁਰੂ ਉਨ੍ਹਾਂ ਨੂੰ ਪਰਵਾਨ ਕਰਦਾ ਹੈ। ਆਪਣੇ ਮਨ ਦੇ ਪਿੱਛੇ ਤੁਰਨ ਵਾਲਿਆਂ ਦਾ ਬੋਲਿਆ ਪਰਵਾਨ ਨਹੀਂ ਹੁੰਦਾ। ਭਾਵੇਂ ਪਾਲਾ ਹੋਵੇ, ਭਾਵੇਂ ਕੱਕਰ ਪਵੇ, ਬਰਫ਼ ਪਵੇ ਫਿਰ ਵੀ ਗੁਰੂ ਦਾ ਸਿੱਖ ਗੁਰੂ ਦਾ ਦਰਸ਼ਨ ਕਰਨ ਜਾਂਦਾ ਹੈ। ਮੈਂ ਵੀ ਦਿਨ-ਰਾਤ ਹਰ ਵੇਲੇ ਆਪਣੇ ਗੁਰੂ ਦਾ ਦਰਸ਼ਨ ਕਰਦਾ ਰਹਿੰਦਾ ਹਾਂ। ਗੁਰੂ ਦੇ ਚਰਨਾਂ ਨੂੰ ਆਪਣੀਆਂ ਅੱਖਾਂ ਵਿੱਚ ਵਸਾਈ ਰੱਖਦਾ ਹਾਂ। ਜੇ ਮੈਂ ਗੁਰੂ ਨੂੰ ਪ੍ਰਸੰਨ ਕਰਨ ਲਈ ਅਨੇਕਾਂ ਹੀ ਜਤਨ ਕਰਦਾ ਰਹਾਂ ਤਾਂ ਉਹੀ ਜਤਨ ਗੁਰੂ ਨੂੰ ਕਬੂਲ ਹੁੰਦਾ ਹੈ, ਜਿਹੜਾ ਗੁਰੂ ਨੂੰ ਪਸੰਦ ਆਉਂਦਾ ਹੈ। ਹੇ ਮੇਰੇ ਪ੍ਰਭੂ ! ਮੇਰੇ ਉੱਤੇ ਮਿਹਰ ਕਰ, ਮੈਂ ਦਿਨ-ਰਾਤ ਹਰ ਵੇਲੇ ਗੁਰੂ ਦੇ ਚਰਨਾਂ ਦਾ ਧਿਆਨ ਧਰਦਾ ਰਹਾਂ। ਨਾਨਕ ਦੀ ਜਿੰਦ ਗੁਰੂ ਦੇ ਹਵਾਲੇ ਹੈ। ਗੁਰੂ ਨੂੰ ਮਿਲ ਕੇ ਮੈਂ ਤ੍ਰਿਪਤ ਹੋ ਜਾਂਦਾ ਹਾਂ ਭਾਵ ਰੱਜ ਜਾਂਦਾ ਹਾਂ, ਮਾਇਆ ਦੀ ਕੋਈ ਭੁੱਖ ਨਹੀਂ ਰਹਿ ਜਾਂਦੀ। ਗੁਰੂ ਦੀ ਕਿਰਪਾ ਨਾਲ ਹੀ ਇਹ ਸਮਝ ਆਉਂਦੀ ਹੈ ਕਿ ਨਾਨਕ ਦਾ ਪ੍ਰਭੂ ਸ੍ਰਿਸ਼ਟੀ ਦਾ ਮਾਲਕ ਹਰ ਥਾਂ ਵਿਆਪਕ ਹੋ ਰਿਹਾ ਹੈ।

## ਅਭਿਆਸ

**1. ਦੱਸੋ ਖਾਂ ਭਲਾ :**

(i) ਕਵੀ ਅਨੁਸਾਰ ਗੁਰੂ ਦਾ ਝਿੜਕਣਾ ਕਿਵੇਂ ਮਿੱਠਾ ਲਗਦਾ ਹੈ ?

(ii) ਇਸ ਸ਼ਬਦ ਵਿੱਚ ਗੁਰੂ ਦੀ ਮਹਿਮਾ ਨੂੰ ਕਿਵੇਂ ਦਰਸਾਇਆ ਗਿਆ ਹੈ ?

(iii) ਗੁਰੂ ਦਾ ਸਿੱਖ ਕਿੰਨਾਂ ਮੁਸ਼ਕਲਾਂ ਦਾ ਸਾਹਮਣਾ ਕਰਦਾ ਹੋਇਆ ਗੁਰੂ ਦੇ ਦਰਸ਼ਨਾਂ ਨੂੰ ਜਾਂਦਾ ਹੈ ?

(iv) 'ਗੁਰਮੁਖਿ' ਤੇ 'ਮਨਮੁਖਿ' ਵਿੱਚ ਕੀ ਅੰਤਰ ਹੁੰਦਾ ਹੈ ?

(v) ਉਪਰੋਕਤ ਕਾਵਿ-ਸਤਰਾਂ ਅਨੁਸਾਰ 'ਜੀਉ ਪਿੰਡ' ਸ਼ਬਦਾਂ ਤੋਂ ਕੀ ਭਾਵ ਹੈ ?

**2. ਹੇਠ ਲਿਖੀਆਂ ਕਾਵਿ-ਸਤਰਾਂ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :**

ਜੇ ਗੁਰੁ ਝਿੜਕੇ ਤ ਮੀਠਾ ਲਾਗੈ ਜੇ ਬਖਸੇ ਤ ਗੁਰ ਵਡਿਆਈ॥੨੫॥
ਗੁਰਮੁਖਿ ਬੋਲਹਿ ਸੋ ਥਾਇ ਪਾਏ ਮਨਮੁਖਿ ਕਿਛੁ ਥਾਇ ਨ ਪਾਈ॥੨੬॥

(i) ਉਪਰੋਕਤ ਸਤਰਾਂ ਦੇ ਰਚਨਹਾਰ ਦਾ ਨਾਂ ਲਿਖੋ।

(ii) ਗੁਰਮੁਖਿ ਨੂੰ ਗੁਰੂ ਦਾ ਝਿੜਕਣਾ ਕਿਸ ਤਰ੍ਹਾਂ ਲਗਦਾ ਹੈ ?

(iii) ਗੁਰੂ ਦੀ ਵਡਿਆਈ ਕੀ ਹੈ ?

(iv) 'ਗੁਰਮੁਖਿ' ਅਤੇ 'ਮਨਮੁਖਿ' ਦਾ ਕੀ ਹਾਲ ਹੁੰਦਾ ਹੈ ?

**3. ਹੇਠ ਲਿਖੀਆਂ ਕਾਵਿ-ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

ਨਾਨਕ ਕਾ ਜੀਉ ਪਿੰਡੁ ਗੁਰੂ ਹੈ ਗੁਰ ਮਿਲਿ ਤ੍ਰਿਪਤਿ ਅਘਾਈ॥੩੧॥
ਨਾਨਕ ਕਾ ਪ੍ਰਭੁ ਪੂਰਿ ਰਹਿਓ ਹੈ ਜਤ ਕਤ ਤਤ ਗੋਸਾਈ॥੩੨॥੧॥

## ਕਾਹੇ ਪੂਤ ਝਗਰਤ ਹਉ ਸੰਗਿ ਬਾਪ

ਕਾਹੇ ਪੂਤ ਝਗਰਤ ਹਉ ਸੰਗਿ ਬਾਪ॥
ਜਿਨ ਕੇ ਜਣੇ ਬਡੀਰੇ ਤੁਮ ਹਉ,
ਤਿਨ ਸਿਉ ਝਗਰਤ ਪਾਪ॥੧॥ਰਹਾਉ॥
ਜਿਸੁ ਧਨ ਕਾ ਤੁਮ ਗਰਬੁ ਕਰਤ ਹਉ, ਸੋ ਧਨੁ ਕਿਸਹਿ ਨ ਆਪ॥
ਖਿਨ ਮਹਿ ਛੋਡਿ ਜਾਇ ਬਿਖਿਆ ਰਸੁ, ਤਉ ਲਾਗੈ ਪਛੁਤਾਪ॥੧॥
ਜੋ ਤੁਮਰੇ ਪ੍ਰਭ ਹੋਤੇ ਸੁਆਮੀ ਹਰਿ, ਤਿਨ ਕੇ ਜਾਪਹੁ ਜਾਪ॥
ਉਪਦੇਸੁ ਕਰਤ ਨਾਨਕ ਜਨ ਤੁਮ ਕਉ
ਜਉ ਸੁਨਹੁ ਤਉ ਜਾਇ ਸੰਤਾਪ॥੨॥੧॥੭॥

## ਟਿੱਪਣੀ

ਗੁਰੂ ਰਾਮਦਾਸ ਜੀ ਨੇ ਇਹ ਸ਼ਬਦ ਉਸ ਸਮੇਂ ਉਚਾਰਿਆ ਜਦੋਂ ਉਨ੍ਹਾਂ ਨੇ ਗੁਰਗੱਦੀ ਗੁਰੂ ਅਰਜਨ ਦੇਵ ਜੀ ਨੂੰ ਦੇਣ ਦਾ ਐਲਾਨ ਕੀਤਾ। ਉਨ੍ਹਾਂ ਦਾ ਵੱਡਾ ਪੁੱਤਰ ਪ੍ਰਿਥੀ ਚੰਦ ਬਹੁਤ ਗੁੱਸੇ ਵਿੱਚ ਆ ਗਿਆ। ਉਹ ਆਪਣੇ ਪਿਤਾ ਜੀ ਨਾਲ ਝਗੜਾ ਕਰਨ ਲੱਗਾ। ਗੁਰੂ ਰਾਮਦਾਸ ਜੀ ਨੇ ਉਸ ਨੂੰ ਸਮਝਾਇਆ ਕਿ ਪੁੱਤਰ ਤੂੰ ਕਿਉਂ ਧਨ ਲਈ ਲੜ ਰਿਹਾ ਹੈਂ। ਜਿਸ ਧਨ ਦਾ ਤੂੰ ਹੰਕਾਰ ਕਰਦਾ ਹੈਂ ਉਹ ਹਮੇਸ਼ਾ ਸਾਥ ਨਹੀਂ ਦਿੰਦਾ। ਧਨ ਦੇ ਮੋਹ ਕਾਰਨ ਅੰਤ ਵਿੱਚ ਪਛਤਾਉਣਾ ਪੈਂਦਾ ਹੈ। ਇਸ ਲਈ ਪ੍ਰਭੂ ਦਾ ਨਾਮ ਜਪਣਾ ਚਾਹੀਦਾ ਹੈ ਤੇ ਗੁਰੂ ਦੇ ਉਪਦੇਸ਼ ਨੂੰ ਮੰਨਣਾ ਚਾਹੀਦਾ ਹੈ। ਇਸ ਨਾਲ ਮਾਨਸਕ ਦੁੱਖ-ਕਲੇਸ਼ ਦੂਰ ਹੋ ਜਾਂਦੇ ਹਨ।

## ਅਭਿਆਸ

**1. ਦੱਸੋ ਖਾਂ ਭਲਾ :**

(i) ਇਸ ਸ਼ਬਦ ਰਾਹੀਂ ਗੁਰੂ ਰਾਮਦਾਸ ਜੀ ਕੀ ਸੁਨੇਹਾ ਦੇ ਰਹੇ ਹਨ ?
(ii) ਪ੍ਰਿਥੀ ਚੰਦ ਵਲੋਂ ਝਗੜਾ ਕਰਨ ਦਾ ਕੀ ਕਾਰਨ ਸੀ ?
(iii) ਧਨ ਦੇ ਮੋਹ ਨੂੰ ਛੱਡ ਕੇ ਜੀਵ ਆਤਮਾ ਨੂੰ ਕੀ ਕਰਨਾ ਚਾਹੀਦਾ ਹੈ ?
(iv) ਇਸ ਸ਼ਬਦ ਵਿੱਚ ਗੁਰੂ ਸਾਹਿਬ ਨੇ 'ਗਰਬੁ' ਸ਼ਬਦ ਕਿਸ ਲਈ ਵਰਤਿਆ ਹੈ?
(v) ਉਪਰੋਕਤ ਕਾਵਿ-ਸਤਰਾਂ ਦਾ ਕੇਂਦਰੀ ਭਾਵ ਲਿਖੋ।

**2. ਹੇਠ ਲਿਖੀਆਂ ਕਾਵਿ-ਸਤਰਾਂ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :**

ਜਿਸੁ ਧਨ ਕਾ ਤੁਮ ਗਰਬੁ ਕਰਤ ਹਉ, ਸੋ ਧਨੁ ਕਿਸਹਿ ਨ ਆਪ॥
ਖਿਨ ਮਹਿ ਛੋਡਿ ਜਾਇ ਬਿਖਿਆ ਰਸੁ, ਤਉ ਲਾਗੈ ਪਛੁਤਾਪ॥੧॥
ਜੋ ਤੁਮਰੇ ਪ੍ਰਭ ਹੋਤੇ ਸੁਆਮੀ ਹਰਿ, ਤਿਨ ਕੇ ਜਾਪਹੁ ਜਾਪ॥
ਉਪਦੇਸੁ ਕਰਤ ਨਾਨਕ ਜਨ ਤੁਮ ਕਉ
ਜਉ ਸੁਨਹੁ ਤਉ ਜਾਇ ਸੰਤਾਪ॥੨॥੧॥੭॥

### ਔਖੇ ਸ਼ਬਦਾਂ ਦੇ ਅਰਥ

| | |
|---|---|
| ਝਗਰਤ | : ਲੜਦਾ ਹੈ / ਝਗੜਦਾ ਹੈ |
| ਸੰਗਿ | : ਨਾਲ |
| ਜਣੇ | : ਜੰਮਿਆ ਹੈ |
| ਬਡੀਰੇ | : ਵੱਡੇ ਕੀਤੇ |
| ਗਰਬੁ | : ਗੁਮਾਨ / ਹੰਕਾਰ |
| ਕਰਤ | : ਕਰਦਾ ਹੈ |
| ਧਨੁ | : ਦੌਲਤ / ਪੈਸਾ |
| ਕਿਸਹਿ | : ਕਿਸੇ ਦਾ ਆਪਣਾ ਨਹੀਂ ਹੈ |
| ਖਿਨ ਮਹਿ | : ਪਲ ਛਿਣ ਵਿੱਚ ਹੀ |
| ਬਿਖਿਆ ਰਸੁ | : ਵਿਸ਼ ਰੂਪੀ ਰਸ |
| ਪਛੁਤਾਪ | : ਪਛਤਾਵਾ |
| ਸੁਆਮੀ | : ਮਾਲਕ |
| ਤਿਨ ਕੇ | : ਉਨ੍ਹਾਂ ਦੇ |
| ਸੰਤਾਪ | : ਅੰਦਰ ਦਾ ਸਾੜਾ ਜਾਂ ਦੁੱਖ |

(i) ਇਸ ਸ਼ਬਦ ਦੇ ਰਚਨਹਾਰ ਦਾ ਨਾਂ ਲਿਖੋ।

(ii) ਇਨ੍ਹਾਂ ਕਾਵਿ-ਸਤਰਾਂ ਵਿੱਚ ਧਨ ਉੱਤੇ ਹੰਕਾਰ ਕਰਨ ਬਾਰੇ ਕੀ ਦੱਸਿਆ ਗਿਆ ਹੈ ?

(iii) 'ਬਿਖਿਆ ਰਸ' ਅਤੇ 'ਪਛੁਤਾਪ' ਦਾ ਅਰਥ ਲਿਖੋ।

(iv) ਕਵੀ ਨੇ ਦੁੱਖਾਂ ਕਲੇਸ਼ਾਂ ਨੂੰ ਦੂਰ ਕਰਨ ਦਾ ਕੀ ਉਪਾਅ ਦੱਸਿਆ ਹੈ ?

**3. ਹੇਠ ਲਿਖੀਆਂ ਕਾਵਿ-ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

ਕਾਹੇ ਪੂਤ ਝਗਰਤ ਹਉ ਸੰਗਿ ਬਾਪ॥
ਜਿਨ ਕੇ ਜਣੇ ਬਡੀਰੇ ਤੁਮ ਹਉ,
ਤਿਨ ਸਿਉ ਝਗਰਤ ਪਾਪ॥੧॥ਰਹਾਉ॥

## ਆਉ ਕੁਝ ਹੋਰ ਕਰੀਏ

### ੳ. ਪਾਠ ਤੋਂ ਅੱਗੇ

(i) ਕੀ ਅਜੋਕੇ ਸਮੇਂ ਦੇ ਪਿਤਾ-ਪੁੱਤਰ ਵਿੱਚ ਵੀ ਧਨ ਝਗੜੇ ਦਾ ਕਾਰਨ ਬਣਦਾ ਹੈ। ਇਸ ਦਾ ਕੀ ਉਪਾਅ ਹੋ ਸਕਦਾ ਹੈ ?

(ii) ਆਪਸੀ ਪਿਆਰ-ਭਾਵ ਨਾਲ ਰਹਿਣ ਲਈ ਪ੍ਰੇਰਨਾਦਾਇਕ ਸ਼ਬਦ ਦੀ ਗੁਰਬਾਣੀ ਵਿੱਚੋਂ ਚੋਣ ਕਰਕੇ ਉਸ ਦਾ ਉਚਾਰਨ ਕਰੋ।

(iii) ਨਾਮ-ਸਿਮਰਨ ਦੀ ਕੀ ਮਹੱਤਤਾ ਹੈ ? ਕੀ ਤੁਹਾਨੂੰ ਇਸ ਵਿੱਚ ਵਿਸ਼ਵਾਸ ਹੈ ?

(iv) ਕੀ ਪ੍ਰਮਾਤਮਾ ਦਾ ਨਾਮ ਜਪਣ ਨਾਲ ਦੁੱਖ ਦੂਰ ਹੋ ਜਾਂਦੇ ਹਨ ? ਆਪਣੇ ਅਨੁਭਵ ਦੇ ਆਧਾਰ 'ਤੇ ਵਿਸਤਾਰ ਨਾਲ ਲਿਖੋ।

(v) ਕੀ ਧਰਮ ਤੇ ਕਰਮ ਦੋਵੇਂ ਜੀਵਨ ਵਿਚ ਜ਼ਰੂਰੀ ਹਨ ? ਦੁਨੀਆਂ ਦੇ ਪ੍ਰਸਿੱਧ ਧਰਮਾਂ ਦੀ ਇਸ ਬਾਰੇ ਰਾਏ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

### ਅ. ਪਾਠ ਦੇ ਆਧਾਰ 'ਤੇ ਠੀਕ ( ✔ ) ਜਾਂ ਗ਼ਲਤ ( ✖ ) ਦਾ ਨਿਸ਼ਾਨ ਬਣਾਉ :

(i) ਪਰਮਾਤਮਾ ਦਾ ਸਿਮਰਨ ਕਰਨ ਨਾਲ ਸਾਰੇ ਸੁਖ ਪ੍ਰਾਪਤ ਹੋ ਜਾਂਦੇ ਹਨ। ☐

(ii) ਗੁਰਮੁਖ ਗੁਰੂ ਦੇ ਦੱਸੇ ਰਾਹ ਉਪਰ ਨਹੀਂ ਚਲਦਾ। ☐

(iii) ਕਾਮਧੇਨੁ ਗਾਂ ਹਰ ਇੱਛਾ ਪੂਰੀ ਕਰਦੀ ਹੈ। ☐

(iv) ਗੁਰੂ ਦਾ ਸਿੱਖ ਮੁਸ਼ਕਿਲਾਂ ਨੂੰ ਪਾਰ ਕਰਕੇ ਦਰਸ਼ਨ ਕਰਨ ਨਹੀਂ ਜਾਂਦਾ। ☐

(v) ਪੁੱਤਰ ਨੂੰ ਧਨ ਲਈ ਲੜਨ ਤੋਂ ਵਰਜਿਆ ਗਿਆ ਹੈ। ☐

### ੲ. ਖਾਲੀ ਥਾਵਾਂ ਭਰੋ :

(i) ਸਵਰਗ ਦੀ ਗਾਂ ... ਸਾਰੀਆਂ ਮੁਰਾਦਾਂ ਪੂਰੀਆਂ ਕਰਦੀ ਹੈ।
(ii) ... ਗੁਰੂ ਦੀ ਸਿੱਖਿਆ ਅਨੁਸਾਰ ਚਲਦਾ ਹੈ।
(iii) ... ਦਾ ਨਾਮ ਜਪ ਕੇ ਹੀ ਦੁੱਖਾਂ ਤੋਂ ਛੁਟਕਾਰਾ ਹਾਸਲ ਹੋ ਸਕਦਾ ਹੈ।
(iv) ਨਾਮ ਜਪਣ ਵਾਲੀ ਜੀਵ-ਆਤਮਾ ਨੂੰ ... ਵਿੱਚ ਇੱਜ਼ਤ ਮਿਲਦੀ ਹੈ।
(v) ਪ੍ਰਿਥੀ ਚੰਦ ... ਲਈ ਝਗੜਣ ਲੱਗਾ।

ਗੁਰਗੱਦੀ ਕਾਮਧੇਨੁ
ਲੋਕ-ਪਰਲੋਕ
ਪਰਮਾਤਮਾ ਗੁਰਮੁਖ

### ਸ. ਜੋੜੇ ਬਣਾਉ :

| | |
|---|---|
| ਹਲਤਿ ਪਲਤਿ | ਹੰਕਾਰ |
| ਦਿਨਸੁ ਰੈਣ | ਲੋਕ-ਪਰਲੋਕ |
| ਗਰਬ | ਪਲ |
| ਖਿਨ | ਦਿਨ-ਰਾਤ |

### ਹ. ਸਮਾਨਾਰਥਕ ਸ਼ਬਦ ਲਿਖੋ :

(i) ਸੁਖ ...
(ii) ਸਾਈਂ ...
(iii) ਇੱਜ਼ਤ ...
(iv) ਉਪਾਅ ...

### ਕ. ਵਾਕ ਬਣਾਉ :

(i) ਅਨੇਕ ... ... ... ...
(ii) ਦਿਨ-ਰਾਤ ... ... ... ...
(iii) ਹੰਕਾਰ ... ... ... ...
(iv) ਸੁਆਮੀ ... ... ... ...

### ਖ. ਪਹਿਲਾਂ ਸ਼ਬਦ ਲਗਾ ਕੇ ਸਮਾਸ ਬਣਾਉ :

(i) ... ਪਰਲੋਕ
(ii) ... ਦੌਲਤ
(iii) ... ਝਮੇਲੇ
(iv) ... ਸਿਮਰਨ

# ਸ਼ਬਦ

## ਗੁਰੂ ਗੋਬਿੰਦ ਸਿੰਘ



### ਸ਼ਖ਼ਸੀਅਤ ਤੇ ਰਚਨਾ

ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਸੰਨ 1666 ਈ. ਵਿੱਚ ਪਟਨਾ ਸ਼ਹਿਰ ਵਿਖੇ ਪਿਤਾ ਗੁਰੂ ਤੇਗ ਬਹਾਦਰ ਜੀ ਦੇ ਘਰ ਮਾਤਾ ਗੁਜਰੀ ਜੀ ਦੀ ਕੁੱਖੋਂ ਹੋਇਆ।

ਆਪ ਜੀ ਸਿੱਖਾਂ ਦੇ ਦਸਵੇਂ ਗੁਰੂ ਹਨ। ਆਪ ਜੀ ਦੇ ਜਨਮ ਸਮੇਂ ਭਾਰਤ ਵਿੱਚ ਹਿੰਦੂ, ਇਸਲਾਮ ਅਤੇ ਸਿੱਖ ਤਿੰਨ ਵੱਡੇ ਧਰਮ ਪ੍ਰਚਲਤ ਸਨ। ਇਸ ਦੇ ਨਾਲ ਹੀ ਜੋਗੀ, ਜੈਨੀ, ਬੋਧੀ, ਆਦਿ ਮੱਤ ਵੀ ਪ੍ਰਚਲਤ ਸਨ। ਆਪ ਦਾ ਪਹਿਲਾ ਨਾਂ ਗੋਬਿੰਦ ਰਾਇ ਸੀ। ਸੰਨ 1699 ਈ. ਵਿੱਚ ਖ਼ਾਲਸਾ ਪੰਥ ਦੀ ਸਾਜਨਾ ਕਰਨ ਅਤੇ ਅੰਮ੍ਰਿਤ ਛਕਣ ਉਪਰੰਤ ਆਪ ਗੁਰੂ ਗੋਬਿੰਦ ਰਾਇ ਤੋਂ ਗੁਰੂ ਗੋਬਿੰਦ ਸਿੰਘ ਬਣ ਗਏ।

ਆਪ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਨਹੀਂ ਹੈ। ਆਪ ਨੇ ਦਸਮ ਗ੍ਰੰਥ ਦੀ ਰਚਨਾ ਕੀਤੀ, ਜਿਸ ਵਿੱਚ 'ਜਾਪੁ ਸਾਹਿਬ', 'ਅਕਾਲ ਉਸਤਿਤ', 'ਬੱਚਿਤ੍ਰ ਨਾਟਕ', 'ਚੰਡੀ ਚਰਿਤ੍ਰ-ਚੰਡੀ ਦੀ ਵਾਰ', 'ਗਿਆਨ ਪ੍ਰਬੋਧ', 'ਚੌਪਈਆਂ', 'ਸ਼ਬਦ ਹਜ਼ਾਰੇ ਰਾਮਕਲੀ', 'ਸਵਯੈ ਤੈਤੀ', 'ਜ਼ਫ਼ਰਨਾਮਾ' ਆਦਿ ਰਚਨਾਵਾਂ ਸ਼ਾਮਲ ਹਨ। ਆਪ ਦੀ ਬਾਣੀ ਵਿੱਚ ਰੱਬ ਦੀ ਭਗਤੀ ਅਤੇ ਦੇਸ-ਪਿਆਰ ਦਾ ਜਜ਼ਬਾ ਸ਼ਾਮਲ ਹੈ।

### ਦੇਹ ਸ਼ਿਵਾ ਬਰ ਮੋਹਿ ਇਹੈ

ਦੇਹ ਸ਼ਿਵਾ ਬਰ ਮੋਹਿ ਇਹੈ,<br>
ਸੁਭ ਕਰਮਨ ਤੇ ਕਬਹੂੰ ਨ ਟਰੋਂ॥<br>
ਨ ਡਰੋ ਅਰਿ ਸੋ ਜਬ ਜਾਇ ਲਰੋ,<br>
ਨਿਸਚੇ ਕਰ ਆਪਨੀ ਜੀਤ ਕਰੋ॥

**ਔਖੇ ਸ਼ਬਦਾਂ ਦੇ ਅਰਥ**

ਬਰ : ਵਰਦਾਨ<br>
ਮੋਹਿ : ਮੈਨੂੰ<br>
ਟਰੋਂ : ਹਟਾਂ<br>
ਅਰਿ : ਵੈਰੀ<br>
ਲਰੋਂ : ਲੜਨਾ

ਅਰੁ ਸਿਖ ਹੌ ਆਪਣੇ ਹੀ ਮਨ ਕੌ,
ਇਹ ਲਾਲਚ ਹਉ ਗੁਨ ਤਉ ਉਚਰੋ॥
ਜਬ ਆਵ ਕੀ ਅਉਧ ਨਿਧਾਨ ਬਨੈ,
ਅਤ ਹੀ ਰਨ ਮੈ ਤਬ ਜੂਝ ਮਰੋ॥

## ਟਿੱਪਣੀ

ਗੁਰੂ ਗੋਬਿੰਦ ਸਿੰਘ ਜੀ ਦੁਆਰਾ ਪੇਸ਼ ਇਹ ਸ਼ਬਦ 'ਚੰਡੀ ਚਰਿਤਰ' ਵਿੱਚੋਂ ਲਿਆ ਗਿਆ ਹੈ। ਇਸ ਵਿੱਚ ਉਹ ਧਰਮ ਖਾਤਰ ਜੂਝ ਮਰਨ ਦੀ ਬਿਰਤੀ ਬਾਰੇ ਦੱਸ ਰਹੇ ਹਨ। ਉਹ ਆਖਦੇ ਹਨ ਕਿ ਹੇ ਪ੍ਰਭੂ ! ਮੈਨੂੰ ਵਰਦਾਨ ਦਿਓ ਕਿ ਮੈਂ ਚੰਗੇ ਕਰਮ ਕਰਨ ਤੋਂ ਨਾ ਰੁਕਾਂ। ਮੈਂ ਜਦੋਂ ਜੰਗ ਲੜਨ ਲਈ ਜਾਵਾਂ ਤਾਂ ਵੈਰੀ ਤੋਂ ਨਾ ਡਰਾਂ ਅਤੇ ਨਿਸਚੇ ਹੀ ਆਪਣੀ ਜਿੱਤ ਹਾਸਲ ਕਰਾਂ। ਮੈਂ ਆਪਣੇ ਮਨ ਨੂੰ ਇਹ ਸਿੱਖਿਆ ਦੇਵਾਂ ਕਿ ਮੈਨੂੰ ਇਹ ਹੀ ਲਾਲਚ ਹੋਵੇ ਕਿ ਮੈਂ ਤੇਰਾ ਹੀ ਗੁਣਗਾਨ ਕਰਾਂ। ਜਦੋਂ ਮੇਰੀ ਉਮਰ ਦਾ ਅੰਤ ਸਮਾਂ ਆ ਜਾਵੇ ਤਾਂ ਵੀ ਮੈਂ ਜੰਗ ਦੇ ਮੈਦਾਨ ਵਿੱਚ ਹੀ ਜੂਝ ਮਰਾਂ। ਇਨ੍ਹਾਂ ਸਤਰਾਂ ਵਿਚ ਪੂਰੀ ਸਮਰਪਣ ਭਾਵਨਾ ਦਾ ਅਹਿਸਾਸ ਕਰਵਾਇਆ ਗਿਆ ਹੈ।

## ਅਭਿਆਸ

**1. ਦੱਸੋ ਖਾਂ ਭਲਾ :**

(i) ਇਹ ਕਾਵਿ ਸਤਰਾਂ ਗੁਰੂ ਗੋਬਿੰਦ ਸਿੰਘ ਜੀ ਦੀ ਕਿਸ ਰਚਨਾ ਵਿੱਚੋਂ ਲਈਆਂ ਗਈਆਂ ਹਨ ?
(ii) ਇਨ੍ਹਾਂ ਸਤਰਾਂ ਵਿੱਚ ਕਵੀ ਨੇ ਕਿਸ ਤਰ੍ਹਾਂ ਦੇ ਜਜ਼ਬੇ ਨੂੰ ਪੇਸ਼ ਕੀਤਾ ਹੈ ?
(iii) ਇਨ੍ਹਾਂ ਕਾਵਿ-ਸਤਰਾਂ ਅਨੁਸਾਰ ਕਵੀ ਦੀ ਕੀ ਕਰਨ ਦੀ ਇੱਛਾ ਹੈ।
(iv) ਉਪਰੋਕਤ ਪੈਰ੍ਹੇ 'ਚੋਂ ਕੀ ਸਿੱਖਿਆ ਮਿਲਦੀ ਹੈ ?
(v) ਜਿੱਤ ਕਿਵੇਂ ਹਾਸਲ ਕੀਤੀ ਜਾ ਸਕਦੀ ਹੈ ?
(vi) ਚੰਗੇ ਕੰਮ ਕਰਨ ਵਾਲਾ ਕਿੱਥੇ ਮਰਨਾ ਪਸੰਦ ਕਰਦਾ ਹੈ ?
(vii) ਕਵਿਤਾ ਦਾ ਕੇਂਦਰੀ ਭਾਵ ਲਿਖੋ।

**2. ਹੇਠ ਲਿਖੀਆਂ ਕਾਵਿ-ਸਤਰਾਂ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :**

ਦੇਹ ਸ਼ਿਵਾ ਬਰ ਮੋਹਿ ਇਹੈ,
ਸੁਭ ਕਰਮਨ ਤੇ ਕਬੰਹੂ ਨ ਟਰੋਂ॥
ਨ ਡਰੋ ਅਰਿ ਸੋ ਜਬ ਜਾਇ ਲਰੋ,
ਨਿਸਚੇ ਕਰ ਆਪਨੀ ਜੀਤ ਕਰੋ॥

(i) ਇਨ੍ਹਾਂ ਸਤਰਾਂ ਦੇ ਰਚਨਾਕਾਰ ਦਾ ਨਾਂ ਲਿਖੋ।
(ii) ਕਵੀ ਪਰਮਾਤਮਾ ਤੋਂ ਕਿਹੜਾ ਵਰ ਮੰਗ ਰਿਹਾ ਹੈ ?
(iii) ਕਵੀ ਦੇ ਮਨ ਵਿੱਚ ਕਿਹੋ-ਜਿਹਾ ਨਿਸਚਾ ਹੈ ?
(iv) 'ਟਰੋਂ' ਅਤੇ 'ਲਰੋਂ' ਦੇ ਅਰਥ ਲਿਖੋ।

**ਔਖੇ ਸ਼ਬਦਾਂ ਦੇ ਅਰਥ**

ਸਿਖ : ਸਿਖਿਆ ਦੇਵਾਂ
ਆਵ ਕੀ ਅਉਧ ਨਿਧਾਨ ਬਨੈ : ਉਮਰ ਦਾ ਅੰਤ ਸਮਾਂ ਆ ਜਾਵੇ

3. ਹੇਠ ਲਿਖੀਆਂ ਕਾਵਿ-ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

ਅਰੁ ਸਿਖ ਹੌ ਆਪਣੇ ਹੀ ਮਨ ਕੋ
ਇਹ ਲਾਲਚ ਹਉ ਗੁਨ ਤਉ ਉਚਰੋ॥
ਜਬ ਆਵ ਕੀ ਅਉਧ ਨਿਧਾਨ ਬਨੈ
ਅਤ ਹੀ ਰਨ ਮੈ ਤਬ ਜੂਝ ਮਰੋ॥

## ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ

ਮਿਤ੍ਰ ਪਿਆਰੇ ਨੂੰ, ਹਾਲੁ ਮੁਰੀਦਾਂ ਦਾ ਕਹਣਾ॥
ਤੁਧੁ ਬਿਨੁ ਰੋਗੁ ਰਜਾਇਯਾਂ ਦਾ ਓਢਣੁ,
ਨਾਗ ਨਿਵਾਸਾਂ ਦਾ ਰਹਣਾ॥
ਸੂਲ ਸੁਰਾਹੀ ਖੰਜਰ ਪਿਯਾਲਾ,
ਬਿੰਗ ਕਸਾਇਯਾਂ ਦਾ ਸਹਣਾ॥
ਯਾਰੜੇ ਦਾ ਸਾਨੂੰ ਸੱਥਰ ਚੰਗਾ,
ਭੱਠ ਖੇੜਿਆਂ ਦਾ ਰਹਣਾ॥

**ਔਖੇ ਸ਼ਬਦਾਂ ਦੇ ਅਰਥ**

ਨਿਵਾਸਾਂ : ਰਹਿਣਾ
ਸੂਲ : ਕੰਡੇ
ਬਿੰਗ : ਬੱਕਰੇ ਦੇ ਮੂੰਹ ਤੇ ਗੁਦਾ ਨੂੰ ਬੰਦ ਕਰਕੇ ਹਲਾਲ ਕਰਨ ਦਾ ਜ਼ੁਲਮ
ਮੁਰੀਦਾਂ : ਚੇਲਿਆਂ
ਯਾਰੜੈ : ਮਿੱਤਰ, ਮੀਤ
ਸੱਥਰ : ਵਿਛਾਉਣਾ
ਭੱਠ : ਤਪਦੀ ਭੱਠੀ
ਖੇੜਿਆਂ : ਐਸ਼ੋ ਆਰਾਮ

## ਟਿੱਪਣੀ

ਕਵੀ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਦੀ ਗੜ੍ਹੀ ਵਿੱਚ ਆਪਣੇ ਦੋਵਾਂ ਵੱਡਿਆਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਮਗਰੋਂ, ਪੰਜਾਂ ਪਿਆਰਿਆਂ ਦੇ ਹੁਕਮ ਨੂੰ ਮੰਨ ਕੇ ਚਮਕੌਰ ਦੇ ਕਿਲ੍ਹੇ ਨੂੰ ਛੱਡ ਕੇ ਮਾਛੀਵਾੜੇ ਦੇ ਜੰਗਲਾਂ ਵਿੱਚ ਪਹੁੰਚੇ ਸਨ। ਉਸ ਸਮੇਂ ਆਪਣੇ ਪਿਆਰੇ ਪ੍ਰਭੂ ਦੀ ਯਾਦ ਵਿੱਚ ਉਨ੍ਹਾਂ ਨੇ ਇਹ ਸ਼ਬਦ ਉਚਾਰਿਆ ਸੀ। ਉਹ ਕਹਿੰਦੇ ਹਨ ਕਿ ਮੇਰੇ ਪਿਆਰੇ ਮਿੱਤਰ ਪ੍ਰਭੂ ਨੂੰ ਉਸ ਦੇ ਚੇਲੇ ਦਾ ਹਾਲ ਸੁਣਾਉਣਾ ਕਿ ਤੇਰੇ ਬਿਨਾਂ ਆਪਣੇ ਉੱਤੇ ਰਜ਼ਾਈਆਂ ਲੈਣਾ ਮੇਰੇ ਲਈ ਰੋਗ ਦੀ ਤਰ੍ਹਾਂ ਹੈ। ਇਹ ਇਸ ਤਰ੍ਹਾਂ ਲਗਦਾ ਹੈ ਜਿਵੇਂ ਨਾਗਾਂ ਦੀ ਨਗਰੀ ਵਿੱਚ ਰਹਿ ਰਿਹਾ ਹੋਵਾਂ। ਸੁਰਾਹੀ ਮੈਨੂੰ ਕੰਡਿਆਂ ਦੀ ਤਰ੍ਹਾਂ ਲਗਦੀ ਹੈ। ਪਿਆਲਾ ਮੈਨੂੰ ਖੰਜਰ ਵਾਂਗ ਲਗਦਾ ਹੈ। ਤੇਰੇ ਨਾਲੋਂ ਵੱਖ ਹੋਣਾ ਮੈਨੂੰ ਇਉਂ ਲਗਦਾ ਹੈ ਜਿਵੇਂ ਕਿਸੇ ਬੱਕਰੇ ਨੂੰ ਕਸਾਈਆਂ ਵਲੋਂ ਹਲਾਲ ਕੀਤਾ ਜਾਂਦਾ ਹੈ। ਅੰਤ ਵਿੱਚ ਕਹਿੰਦੇ ਹਨ ਕਿ ਮੈਨੂੰ ਆਪਣੇ ਪਿਆਰੇ ਪ੍ਰਭੂ ਤੋਂ ਬਿਨਾਂ ਇਹ ਦੁਨਿਆਵੀ ਐਸ਼ੋ ਆਰਾਮ ਤਪਦੀ ਹੋਈ ਭੱਠੀ ਦੀ ਤਰ੍ਹਾਂ ਲਗਦੇ ਹਨ। ਮੈਨੂੰ ਆਪਣੇ ਮਿੱਤਰ ਦਾ ਦਿੱਤਾ ਹੋਇਆ ਇਹ ਵਿਛਾਉਣਾ ਹੀ ਚੰਗਾ ਹੈ। ਭਾਵ ਉਹ ਆਪਣੇ ਪ੍ਰਭੂ ਪਿਆਰੇ ਲਈ ਸਹਿਕ ਰਹੇ ਹਨ।

## ਅਭਿਆਸ

1. ਦੱਸੋ ਖਾਂ ਭਲਾ :

(i) ਗੁਰੂ ਸਾਹਿਬ ਨੇ ਇਹ ਰਚਨਾ ਕਿਸ ਸਮੇਂ ਅਤੇ ਕਿੱਥੇ ਰਚੀ ?

(ii) ਇਸ ਕਵਿਤਾ ਵਿੱਚ ਕਿਹੋ ਜਿਹੀ ਭਾਵਨਾ ਪ੍ਰਗਟ ਹੁੰਦੀ ਹੈ ?

(iii) ਕਵੀ ਨੇ ਆਪਣੀ ਗੱਲ ਉਪਰ ਜ਼ੋਰ ਦੇਣ ਲਈ ਕਿਹੜੀਆਂ ਦੁਨਿਆਵੀ ਵਸਤਾਂ ਦਾ ਜ਼ਿਕਰ ਕੀਤਾ ਹੈ।

(iv) ਪ੍ਰਭੂ ਤੋਂ ਬਿਨਾਂ ਰਹਿਣਾ ਕਵੀ ਨੂੰ ਕਿਵੇਂ ਲਗਦਾ ਹੈ ?

(v) ਕਵੀ ਨੂੰ ਕੀ ਚੰਗਾ ਲੱਗਦਾ ਹੈ ?

(vi) ਰਜ਼ਾਈ ਦੀ ਕਿਸ ਨਾਲ ਤੁਲਨਾ ਕੀਤੀ ਗਈ ਹੈ ?

(vii) ਕਵਿਤਾ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ।

**2. ਹੇਠ ਲਿਖੀਆਂ ਕਾਵਿ-ਸਤਰਾਂ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :**

ਮਿਤ੍ਰ ਪਿਆਰੇ ਨੂੰ, ਹਾਲੁ ਮੁਰੀਦਾਂ ਦਾ ਕਹਣਾ॥
ਤੁਧੁ ਬਿਨੁ ਰੋਗੁ ਰਜਾਇਯਾਂ ਦਾ ਓਢਣੁ,
ਨਾਗ ਨਿਵਾਸਾਂ ਦਾ ਰਹਣਾ॥

(i) ਇਨ੍ਹਾਂ ਸਤਰਾਂ ਦੇ ਰਚਨਾਕਾਰ ਦਾ ਨਾਂ ਲਿਖੋ।

(ii) ਕਵੀ ਆਪਣੇ ਕਿਸ ਹਾਲ ਬਾਰੇ ਦੱਸ ਰਿਹਾ ਹੈ ?

(iii) 'ਮੁਰੀਦਾਂ' ਅਤੇ 'ਨਿਵਾਸਾ' ਸ਼ਬਦਾਂ ਦੇ ਅਰਥ ਲਿਖੋ।

**3. ਹੇਠ ਲਿਖੀਆਂ ਕਾਵਿ-ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

ਸੂਲ ਸੁਰਾਹੀ ਖੰਜਰ ਪਿਯਾਲਾ,
ਬਿੰਗ ਕਸਾਇਯਾਂ ਦਾ ਸਹਣਾ॥
ਯਾਰੜੇ ਦਾ ਸਾਨੂੰ ਸੱਥਰ ਚੰਗਾ,
ਭੱਠ ਖੇੜਿਆਂ ਦਾ ਰਹਣਾ॥

## ਰੇ ਮਨ ਐਸੋ ਕਰ ਸੰਨਿਆਸਾ

ਰੇ ਮਨ ਐਸੋ ਕਰ ਸੰਨਿਆਸਾ॥
ਬਨ ਸੇਸ ਦਨ ਸਭੈ ਕਰ ਸਮਝਹੁ
ਮਨ ਹੀ ਮਾਹਿ ਉਦਾਸਾ॥੧॥ ਰਹਾਉ॥
ਜਤ ਕੀ ਜਟਾ ਜੋਗ ਕੋ ਮੰਜਨ
ਨੇਮ ਕੇ ਨਖਨ ਬਢਾਓ॥
ਗਿਆਨ ਗੁਰੂ ਆਤਮ ਉਪਦੇਸਹੁ
ਨਾਮ ਬਿਭੂਤ ਲਗਾਓ॥੧॥
ਅਲਪ ਅਹਾਰ ਸੁਲਪ ਸੀ ਨਿੰਦ੍ਰਾ
ਦਯਾ ਛਿਮਾ ਤਨ ਪ੍ਰੀਤਿ॥

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਸੰਨਿਆਸਾ | : ਤਿਆਗ |
| ਬਨ | : ਜੰਗਲ |
| ਜਤ | : ਉਚਾ ਆਚਰਨ |
| ਜੋਗ | : ਸੁਰਤ ਜੋੜਨਾ |
| ਨਖਨ | : ਨਹੁੰ |
| ਬਢਾਓ | : ਵਧਾਉਣਾ |
| ਉਪਦੇਸ਼ਹੁ | : ਸਿਖਿਅਤ ਕਰ |
| ਬਿਭੂਤ | : ਸੁਆਹ |
| ਅਲਪ | : ਥੋੜ੍ਹਾ |
| ਅਹਾਰ | : ਖਾਣਾ |
| ਸੁਲਪ | : ਘੱਟ |
| ਨਿੰਦ੍ਰਾ | : ਸੌਣਾ |
| ਛਿਮਾ | : ਮੁਆਫ਼ ਕਰਨਾ |
| ਪ੍ਰੀਤਿ | : ਪਿਆਰ |
| ਸੀਲ | : ਸਿਸ਼ਟਾਚਾਰੀ |
| ਨਿਰਬਾਹਿਬੋ | : ਨਿਰਬਾਹ ਕਰਨਾ |
| ਹ੍ਵੈਬੋ | : ਹੋਵੇਗਾ |
| ਤ੍ਰਿਗੁਣ | : ਤਿੰਨ ਗੁਣ |

**ਔਖੇ ਸ਼ਬਦਾਂ ਦੇ ਅਰਥ**

ਲਯਾਵੈ : ਲਿਆਉਣਾ

ਸੀਲ ਸੰਤੋਖ ਸਦਾ ਨਿਰਬਾਹਿਬੋ
ਹ੍ਵੈਬੋ ਤ੍ਰਿਗੁਣ ਅਤੀਤਿ॥੨॥
ਕਾਮ ਕ੍ਰੋਧ ਹੰਕਾਰ ਲੋਭ ਹਠ ਮੋਹ
ਨ ਮਨ ਸੋ ਲਯਾਵੈ॥
ਤਬ ਹੀ ਆਤਮ ਤਤ ਕੋ ਦਰਸੈ
ਪਰਮ ਪੁਰਖ ਕਹਿ ਪਾਵੈ॥੩॥੧॥

## ਟਿੱਪਣੀ

ਇਨ੍ਹਾਂ ਸਤਰਾਂ ਵਿੱਚ ਗੁਰੂ ਗੋਬਿੰਦ ਸਿੰਘ ਜੀ ਉੱਚੇ-ਸੁੱਚੇ ਆਚਰਨ ਦਾ ਉਪਦੇਸ਼ ਦਿੰਦੇ ਹਨ। ਉਹ ਮਨ ਨੂੰ ਤਿਆਗ ਧਾਰਨ ਕਰਨ ਲਈ ਆਖਦੇ ਹਨ ਕਿ ਜਿਵੇਂ ਜੰਗਲ ਤੇ ਘਰ ਹਰ ਥਾਂ ਪ੍ਰਭੂ ਹੀ ਵੱਸਦਾ ਹੈ, ਤੂੰ ਆਪਣੇ ਮਨ ਵਿੱਚ ਹੀ ਪਿਆਰ ਪੈਦਾ ਕਰ। ਉੱਚੇ ਆਚਰਨ ਦੀਆਂ ਜਟਾਵਾਂ, ਪ੍ਰਭੂ ਮਿਲਾਪ ਦਾ ਇਸ਼ਨਾਨ ਕਰ, ਅਨੁਸ਼ਾਸਨ ਵਿੱਚ ਰਹਿ ਤੇ ਇਸੇ ਨੂੰ ਹੀ ਨਹੁੰ ਵਧਾਉਣਾ ਸਮਝ। ਗੁਰੂ ਦੇ ਗਿਆਨ ਰਾਹੀਂ ਆਤਮਾ ਨੂੰ ਸਿਖਿਅਤ ਕਰ। ਪ੍ਰਭੂ ਦੇ ਨਾਮ ਦੀ ਸੁਆਹ ਲਗਾ। ਥੋੜ੍ਹਾ ਖਾਣਾ, ਘਟ ਸੌਣਾ, ਲੋੜਵੰਦਾਂ 'ਤੇ ਦਇਆ ਅਤੇ ਦੂਜਿਆਂ ਨੂੰ ਖਿਮਾ ਕਰਨ ਨਾਲ ਪਿਆਰ ਕਰ। ਸਿਸ਼ਟਾਚਾਰੀ ਅਤੇ ਸੰਤੋਖ ਵਾਲੇ ਜੀਵਨ ਦਾ ਨਿਰਬਾਹ ਕਰਦਿਆਂ ਹੋਇਆਂ ਮਾਇਆ ਦੇ ਤਿੰਨਾਂ ਗੁਣਾਂ ਤੋਂ ਨਿਰਲੇਪ ਰਹਿ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਵਿਕਾਰਾਂ ਨੂੰ ਮਨ ਵਿੱਚ ਨਹੀਂ ਲਿਆਉਣਾ ਚਾਹੀਦਾ। ਅੰਤ ਵਿਚ ਉਹ ਫਿਰ ਮਨ ਨੂੰ ਸੰਬੋਧਨ ਕਰਕੇ ਦੱਸਦੇ ਹਨ ਕਿ ਜਿਹੜਾ ਮਨੁੱਖ ਇਨ੍ਹਾਂ ਗੁਣਾਂ ਨੂੰ ਧਾਰਨ ਕਰਦਾ ਹੈ ਉਹ ਹੀ ਪਰਮ ਪੁਰਖ ਭਾਵ ਰੱਬ ਨੂੰ ਪ੍ਰਾਪਤ ਕਰ ਸਕਦਾ ਹੈ। ਭਾਵ ਗੁਰੂ ਗੋਬਿੰਦ ਸਿੰਘ ਜੀ ਰੱਬ ਨੂੰ ਪਾਉਣ ਦਾ ਤਰੀਕਾ ਸਮਝਾਉਂਦੇ ਹਨ।

## ਅਭਿਆਸ

**1. ਦੱਸੋ ਖਾਂ ਭਲਾ :**

(i) ਕਵੀ ਨੇ ਇਸ ਰਚਨਾ ਰਾਹੀਂ ਇੱਕ ਚੰਗੇ ਜੀਵਨ ਨੂੰ ਜੀਊਣ ਲਈ ਕਿਹੜੀ ਸੇਧ ਦਿੱਤੀ ਹੈ ?

(ii) ਕਵੀ ਅਨੁਸਾਰ ਰੱਬ ਦੀ ਪ੍ਰਾਪਤੀ ਕਿਸ ਰਾਹੀਂ ਹੋ ਸਕਦੀ ਹੈ ?

(iii) ਮਾਇਆ ਦੇ ਕਿੰਨੇ ਗੁਣ ਦੱਸੇ ਗਏ ਹਨ ?

(iv) ਗੁਰੂ ਗੋਬਿੰਦ ਸਿੰਘ ਜੀ ਕਿੰਨ੍ਹਾਂ ਗੁਣਾਂ ਨੂੰ ਪਿਆਰ ਕਰਨ ਲਈ ਕਹਿੰਦੇ ਹਨ।

(v) ਉਪਰੋਕਤ ਰਚਨਾ ਕਿਸ ਨੂੰ ਸੰਬੋਧਤ ਕੀਤੀ ਗਈ ਹੈ ?

(vi) ਪੰਜ ਔਗੁਣ ਕਿਹੜੇ ਦੱਸੇ ਗਏ ਹਨ ?

(vii) ਆਤਮਾ ਨੂੰ ਕਿਵੇਂ ਸਿਖਿਅਤ ਕੀਤਾ ਜਾ ਸਕਦਾ ਹੈ ?

(viii) ਕਵਿਤਾ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ।

2. ਹੇਠ ਲਿਖੀਆਂ ਕਾਵਿ-ਸਤਰਾਂ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :

ਅਲਪ ਅਹਾਰ ਸੁਲਪ ਸੀ ਨਿੰਦ੍ਰਾ
ਦਯਾ ਛਿਮਾ ਤਨ ਪ੍ਰੀਤਿ॥
ਸੀਲ ਸੰਤੋਖ ਸਦਾ ਨਿਰਬਾਹਿਬੋ
ਹ੍ਵੈਬੋ ਤ੍ਰਿਗੁਣ ਅਤੀਤਿ॥੨॥
ਕਾਮ ਕ੍ਰੋਧ ਹੰਕਾਰ ਲੋਭ ਹਠ ਮੋਹ
ਨ ਮਨ ਸੋ ਲਯਾਵੈ॥
ਤਬ ਹੀ ਆਤਮ ਤਤ ਕੋ ਦਰਸੈ
ਪਰਮ ਪੁਰਖ ਕਹਿ ਪਾਵੈ॥੩॥੧॥

(i) ਉਪਰੋਕਤ ਸਤਰਾਂ ਦੇ ਰਚਨਾਕਾਰ ਦਾ ਨਾਂ ਲਿਖੋ।
(ii) ਕਵੀ ਨੇ ਕਿਸ ਨਾਲ ਪਿਆਰ ਪਾਉਣ ਦੀ ਗੱਲ ਕੀਤੀ ਹੈ ?
(iii) ਕਿਹੜੇ ਵਿਕਾਰਾਂ ਨੂੰ ਮਨ ਵਿੱਚ ਨਹੀਂ ਲਿਆਉਣਾ ਚਾਹੀਦਾ ?
(iv) 'ਸੀਲ ਸੰਤੋਖ ਸਦਾ ਨਿਰਬਾਹਿਬੋ' ਸਤਰ ਦਾ ਅਰਥ ਲਿਖੋ।

3. ਹੇਠ ਲਿਖੀਆਂ ਕਾਵਿ-ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

ਰੇ ਮਨ ਐਸੋ ਕਰ ਸੰਨਿਆਸਾ॥
ਬਨ ਸੇਸ ਦਨ ਸਭੈ ਕਰ ਸਮਝਹੁ
ਮਨ ਹੀ ਮਾਹਿ ਉਦਾਸਾ॥੧॥ਰਹਾਉ॥
ਜਤ ਕੀ ਜਟਾ ਜੋਗ ਕੋ ਮੰਜਨ
ਨੇਮ ਕੇ ਨਖਨ ਬਢਾਓ॥
ਗਿਆਨ ਗੁਰੂ ਆਤਮ ਉਪਦੇਸਹੁ
ਨਾਮ ਬਿਭੂਤ ਲਗਾਓ॥੧॥

## ਆਉ ਕੁਝ ਹੋਰ ਕਰੀਏ

### ੳ. ਪਾਠ ਤੋਂ ਅੱਗੇ

(i) ਉਪਰੋਕਤ ਸ਼ਬਦ ਪੜ੍ਹ ਕੇ ਤੁਹਾਨੂੰ ਪਰਮਾਤਮਾ ਤਕ ਪਹੁੰਚਣ ਦੀ ਜੀਵਨ-ਜਾਚ ਦੀ ਸਿੱਖਿਆ ਮਿਲੀ ਹੈ। ਇਸ ਬਾਰੇ ਕ੍ਰਮ-ਅਨੁਸਾਰ ਇੱਕ ਚਾਰਟ ਬਣਾਓ।

(ii) ਕੀ ਤੁਸੀਂ ਉੱਚ ਗੁਣਾਂ ਦੇ ਧਾਰਨੀ ਕਿਸੇ ਵਿਅਕਤੀ ਨੂੰ ਜਾਣਦੇ ਹੋ ? ਜੇ ਹਾਂ ਤਾਂ ਉਸ ਬਾਰੇ ਇੱਕ ਮੌਲਿਕ ਕਵਿਤਾ ਰਚਨ ਦਾ ਜਤਨ ਕਰੋ।

(iii) ਕੀ ਤੁਹਾਨੂੰ ਕਦੇ ਆਪਣੇ ਪਿਆਰੇ ਗੁਰੂ ਦੀ ਯਾਦ ਨੇ ਬੇਚੈਨ ਕੀਤਾ ਹੈ ? ਅਜਿਹੀ ਹਾਲਤ ਵਾਲੀ ਮਾਨਸਿਕਤਾ ਦਾ ਵਰਣਨ ਕਰੋ।

(iv) ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦੇ ਚਾਰ ਸਾਹਿਬਜ਼ਾਦਿਆਂ ਵਲੋਂ ਦਿੱਤੀ ਕੁਰਬਾਨੀ ਨੂੰ ਇੱਕ ਪ੍ਰੋਜੈਕਟ ਰਾਹੀਂ ਪੇਸ਼ ਕਰੋ।

(v) ਤੁਹਾਡੇ ਅਨੁਸਾਰ ਇੱਕ ਧਾਰਮਕ ਵਿਅਕਤੀ ਕਿਹੋ ਜਿਹੀਆਂ ਰੁੱਚੀਆਂ ਦਾ ਮਾਲਕ ਹੁੰਦਾ ਹੈ। ਆਪਣੇ ਵਿਚਾਰ ਵਿਸਤਾਰ ਵਿੱਚ ਲਿਖੋ।

**ਅ. ਪਾਠ ਦੇ ਆਧਾਰ 'ਤੇ ਠੀਕ ( ✔ ) ਜਾਂ ਗ਼ਲਤ ( ✖ ) ਦਾ ਨਿਸ਼ਾਨ ਬਣਾਉ :**

(i) ਗੁਰੂ ਗੋਬਿੰਦ ਸਿੰਘ ਜੀ ਚਮਕੌਰ ਦੇ ਕਿਲ੍ਹੇ ਨੂੰ ਛੱਡ ਕੇ ਮਾਛੀਵਾੜੇ ਦੇ ਜੰਗਲਾਂ ਵਿੱਚ ਪਹੁੰਚੇ ਸਨ। ☐

(ii) ਪ੍ਰਮਾਤਮਾ ਦੇ ਮਿਲਾਪ ਨਾਲੋਂ ਦੁਨਿਆਵੀ ਐਸ਼ੋ ਆਰਾਮ ਚੰਗੇ ਹਨ। ☐

(iii) ਪੰਜਾਂ ਵਿਕਾਰਾਂ ਤੋਂ ਹਮੇਸ਼ਾ ਦੂਰ ਰਹਿਣਾ ਚਾਹੀਦਾ ਹੈ। ☐

(iv) ਬਹੁਤਾ ਖਾਣਾ ਤੇ ਵੱਧ ਸੌਣਾ ਚੰਗਾ ਹੁੰਦਾ ਹੈ। ☐

(v) ਜੰਗ ਦੇ ਮੈਦਾਨ ਵਿਚ ਕੁਰਬਾਨ ਹੋਣ ਦੀ ਇੱਛਾ ਰੱਖਣੀ ਚਾਹੀਦੀ ਹੈ। ☐

**ੲ. ਖਾਲੀ ਥਾਵਾਂ ਭਰੋ :**

| | |
|---|---|
| ਆਚਰਨ | ਤਪਦੀ |
| ਪੰਜਾਂ ਪਿਆਰਿਆਂ | |
| ਜੁਝਾਰੂ | ਪੰਜਾਂ ਵਿਕਾਰਾਂ |

(i) ਚੰਡੀ ਚਰਿਤ੍ਰ ਵਿੱਚ ਇੱਕ ... ਚਰਿਤ੍ਰ ਦੀ ਗੱਲ ਕੀਤੀ ਗਈ ਹੈ।

(ii) ਗੁਰੂ ਗੋਬਿੰਦ ਸਿੰਘ ਜੀ ... ਦਾ ਹੁਕਮ ਮੰਨ ਕੇ ਚਮਕੌਰ ਦੇ ਕਿਲ੍ਹੇ ਨੂੰ ਛੱਡ ਕੇ ਮਾਛੀਵਾੜੇ ਦੇ ਜੰਗਲਾਂ ਵਿਚ ਗਏ ਸਨ।

(iii) ਗੁਰੂ ਸਾਹਿਬ ਨੂੰ ਦੁਨਿਆਵੀ ਐਸ਼ੋ ਆਰਾਮ ... ਭੱਠੀ ਵਾਂਗ ਲਗਦੇ ਹਨ।

(iv) ਪਰਮਾਤਮਾ ਨੂੰ ਪਾਉਣ ਲਈ ਗੁਰੂ ਸਾਹਿਬ ਨੇ ਉੱਚਾ ... ਗ੍ਰਹਿਣ ਕਰਨ ਦਾ ਉਪਦੇਸ਼ ਦਿੱਤਾ।

(v) ਮਨੁੱਖ ਨੂੰ ... ਤੋਂ ਤੌਬਾ ਕਰਨੀ ਚਾਹੀਦੀ ਹੈ।

**ਸ. ਜੋੜੇ ਬਣਾਉ :**

| | |
|---|---|
| ਟਰੋਂ | ਵੈਰੀ |
| ਅਰ | ਹਟਾਂ |
| ਬਿਭੂਤ | ਕੰਡਾ |
| ਸੂਲ | ਸੁਆਹ |

**ਹ. ਵਿਰੋਧੀ ਸ਼ਬਦ ਲਿਖੋ :**

(i) ਵੈਰੀ ...

(ii) ਜਿੱਤ ...

(iii) ਸੰਨਿਆਸ ...

(iv) ਸੌਣਾ ...

**ਕ. ਵਾਕ ਬਣਾਉ :**

(i) ਖੇੜਿਆਂ ... ... ... ...

(ii) ਯਾਰੜੈ ... ... ... ...

(iii) ਜੋਗ ... ... ... ...

(iv) ਬਿਭੂਤ ... ... ... ...

(v) ਬਨ ... ... ... ...

**ਖ. ਸਮਾਨਾਰਥਕ ਸ਼ਬਦ ਲਿਖੋ :**

(i) ਕ੍ਰੋਧ ...

(ii) ਰੈਣ ...

(iii) ਅਉਧ ...

(iv) ਥੋੜ੍ਹਾ ...

# ਕਾਫੀਆਂ

## ਬੁੱਲ੍ਹੇ ਸ਼ਾਹ



### ਸ਼ਖ਼ਸੀਅਤ ਤੇ ਰਚਨਾ

ਬੁੱਲ੍ਹੇ ਸ਼ਾਹ ਇੱਕ ਪ੍ਰਸਿੱਧ ਸੂਫ਼ੀ ਕਵੀ ਹੋਏ ਹਨ, ਉਨ੍ਹਾਂ ਦਾ ਨਾਂ ਸੂਫ਼ੀ ਕਵੀਆਂ ਦੀ ਮੁੱਢਲੀ ਸ਼੍ਰੇਣੀ ਵਿੱਚ ਆਉਂਦਾ ਹੈ। ਬੁੱਲ੍ਹੇ ਸ਼ਾਹ ਦਾ ਜਨਮ ਪਿੰਡ ਪੰਡੋਕ (ਜ਼ਿਲ੍ਹਾ ਲਾਹੌਰ, ਪਾਕਿਸਤਾਨ) ਵਿਖੇ 1680 ਈ. ਨੂੰ ਸਖ਼ੀ ਸ਼ਾਹ ਮੁਹੰਮਦ ਦਰਵੇਸ਼ ਦੇ ਘਰ ਹੋਇਆ। ਉਨ੍ਹਾਂ ਦਾ ਅਸਲੀ ਨਾਂ ਅਬਦੁੱਲਾ ਸ਼ਾਹ ਸੀ। ਬੁੱਲ੍ਹੇ ਸ਼ਾਹ ਸ਼ੁਰੂ ਤੋਂ ਹੀ ਫ਼ਕੀਰੀ ਵਿਚਾਰਾਂ ਦੇ ਧਾਰਨੀ ਸਨ। ਉਨ੍ਹਾਂ ਨੇ ਸਿੱਖਿਆ ਹਜ਼ਰਤ ਗ਼ੁਲਾਮ ਮੁਰਤਜਾ ਕਸੂਰ ਵਾਲੇ ਕੋਲੋਂ ਪ੍ਰਾਪਤ ਕੀਤੀ। ਬੁੱਲ੍ਹੇ ਬਾਹ ਨੇ ਅਠਵਾਰਾਂ, ਸੀਹਰਫ਼ੀਆਂ, ਗੰਢਾਂ, ਕਾਫ਼ੀਆਂ, ਦੋਹੜੇ ਦੀ ਰਚਨਾ ਕੀਤੀ। ਪ੍ਰੰਤੂ ਉਨ੍ਹਾਂ ਦੇ ਕਲਾਮ ਕਾਫ਼ੀਆਂ ਨੇ ਉਨ੍ਹਾਂ ਨੂੰ ਇਤਨੀ ਪ੍ਰਸਿੱਧ ਦੁਆਈ ਕਿ ਉਹ ਅੱਜ ਤੱਕ ਪੜ੍ਹੀਆਂ ਤੇ ਗਾਈਆਂ ਜਾਂਦੀਆਂ ਹਨ। ਬੁੱਲ੍ਹੇ ਸ਼ਾਹ ਆਪ ਪੂਰਨ ਰੂਪ ਵਿੱਚ ਸੂਫ਼ੀ ਸਨ ਅਤੇ ਉਹ ਪ੍ਰਮਾਤਮਾ ਦੇ ਪ੍ਰੇਮ ਵਿੱਚ ਮਸਤ ਹੋ ਕੇ ਝੂਮਦੇ, ਨੱਚਦੇ ਤੇ ਗਾਉਂਦੇ ਰਹਿੰਦੇ ਸਨ। ਜੋ ਕੁੱਝ ਵੀ ਉਨ੍ਹਾਂ ਨੇ ਕਿਹਾ ਉਸ ਨੇ ਕਵਿਤਾ ਦਾ ਰੂਪ ਧਾਰ ਲਿਆ। ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਲੋਕਾਂ ਦੀ ਜ਼ੁਬਾਨ 'ਤੇ ਚੜ੍ਹ ਗਈਆਂ ਅਤੇ ਉਨ੍ਹਾਂ ਦੀਆ ਰਚਨਾਵਾਂ ਚਾਨਣ ਮੁਨਾਰੇ ਵਾਂਗ ਸਿੱਧ ਹੋਈਆਂ।

### ਬੁੱਲ੍ਹਾ ਕੀ ਜਾਣਾਂ ਮੈਂ ਕੌਣ

ਬੁੱਲ੍ਹਾ ਕੀ ਜਾਣਾ ਮੈਂ ਕੌਣ।
ਨਾ ਮੈਂ ਮੋਮਨ ਵਿਚ ਮਸੀਤਾਂ,
ਨਾ ਮੈਂ ਵਿਚ ਕੁਫ਼ਰ ਦੀਆਂ ਰੀਤਾਂ,

**ਔਖੇ ਸ਼ਬਦਾਂ ਦੇ ਅਰਥ**

ਮੋਮਨ : ਮੁਸਲਮਾਨ
ਕੁਫ਼ਰ : ਝੂਠ

ਨਾ ਮੈਂ ਪਾਕਾਂ ਵਿਚ ਪਲੀਤਾਂ,
ਨਾ ਮੈਂ ਮੂਸਾ ਨਾ ਫਰਔਨ।
ਬੁੱਲ੍ਹਾ ਕੀ ਜਾਣਾ ਮੈਂ ਕੌਣ।
ਨਾ ਮੈਂ ਅੰਦਰ ਵੇਦ ਕਿਤਾਬਾਂ,
ਨਾ ਮੈਂ ਵਿਚ ਭੰਗਾਂ ਨਾ ਸ਼ਰਾਬਾਂ,
ਨਾ ਵਿਚ ਰਿੰਦਾਂ ਮਸਤ ਖਰਾਬਾਂ,
ਨਾ ਵਿਚ ਜਾਗਣ ਨਾ ਵਿਚ ਸੌਣ।
ਬੁੱਲ੍ਹਾ ਕੀ ਜਾਣਾ ਮੈਂ ਕੌਣ।
ਨਾ ਵਿਚ ਸ਼ਾਦੀ ਨਾ ਗਮਨਾਕੀ,
ਨਾ ਮੈਂ ਵਿਚ ਪਲੀਤੀ ਪਾਕੀ,
ਨਾ ਮੈਂ ਆਬੀ ਨਾ ਮੈਂ ਖਾਕੀ,
ਨਾ ਮੈਂ ਆਤਿਸ਼ ਨਾ ਮੈਂ ਪੌਣ।
ਬੁੱਲ੍ਹਾ ਕੀ ਜਾਣਾ ਮੈਂ ਕੌਣ।

**ਔਖੇ ਸ਼ਬਦਾਂ ਦੇ ਅਰਥ**

ਪਾਕ : ਪਵਿੱਤਰ
ਪਲੀਤਾਂ : ਪਾਪੀਆਂ
ਮੂਸਾ : ਯਹੂਦੀਆਂ ਦਾ ਪੈਗ਼ੰਬਰ
ਫ਼ਰਔਨ : ਜ਼ਾਲਿਮ ਬਾਦਸ਼ਾਹ
ਰਿੰਦਾਂ : ਸ਼ਰਾਬੀਆਂ
ਸ਼ਾਦੀ : ਖੁਸ਼ੀ
ਗਮਨਾਕੀ : ਗ਼ਮੀ
ਪਲੀਤੀ : ਅਪਵਿੱਤਰਤਾ
ਪਾਕੀ : ਪਵਿੱਤਰ
ਆਬੀ : ਪਾਣੀ
ਖਾਕੀ : ਮਿੱਟੀ
ਪੌਣ : ਹਵਾ

## ਟਿੱਪਣੀ

ਉਪਰੋਕਤ ਕਾਫ਼ੀ ਵਿਚ ਬੁੱਲ੍ਹੇ ਸ਼ਾਹ ਨੇ ਆਪਣੇ ਆਪ ਨੂੰ ਜਾਣਨ ਉਪਰ ਬਲ ਦਿੱਤਾ ਹੈ। ਉਸ ਨੇ ਆਪਣੀ ਹੋਂਦ ਉਪਰ ਹੀ ਸੁਆਲ ਉਠਾਇਆ ਹੈ। ਇਸ ਲਈ ਉਹ ਜੀਵਨ ਦੇ ਵਰਤਾਰੇ ਨੂੰ ਖੰਘਾਲਣ ਦਾ ਉੱਦਮ ਕਰਦਾ ਹੈ। ਇੰਜ ਕਰਦਿਆਂ ਉਹ ਲੋਕ-ਪਰਲੋਕ ਦੀਆਂ ਗੱਲਾਂ ਕਰਦਾ ਹੈ।

## ਅਭਿਆਸ

**1. ਦੱਸੋ ਖਾਂ ਭਲਾ :**

(i) ਬੁੱਲ੍ਹੇ ਨੇ ਇਸ ਕਾਫ਼ੀ ਵਿੱਚ ਕੀ ਦੱਸਣ ਦੀ ਕੋਸ਼ਿਸ਼ ਕੀਤੀ ਹੈ ?
(ii) ਬੁੱਲ੍ਹੇ ਸ਼ਾਹ ਰੱਬ ਦਾ ਟਿਕਾਣਾ ਕਿੱਥੇ ਦੱਸਦਾ ਹੈ ?
(iii) ਬੁੱਲ੍ਹੇ ਸ਼ਾਹ ਆਪਣੇ ਬਾਰੇ ਕਿਹੜਾ ਸੁਆਲ ਪੁੱਛਦਾ ਹੈ ?
(iv) ਲੋਕ-ਪਰਲੋਕ ਦੀਆਂ ਗੱਲਾਂ ਕਰਦਾ ਬੁੱਲ੍ਹੇ ਸ਼ਾਹ ਕਿੰਨ੍ਹਾਂ ਦਾ ਹਵਾਲਾ ਦਿੰਦਾ ਹੈ ?

**2. ਹੇਠ ਲਿਖੀਆਂ ਕਾਵਿ-ਸਤਰਾਂ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :**

ਨਾ ਮੈਂ ਅੰਦਰ ਵੇਦ ਕਿਤਾਬਾਂ,
ਨਾ ਮੈਂ ਵਿਚ ਭੰਗਾਂ ਨਾ ਸ਼ਰਾਬਾਂ,
ਨਾ ਵਿਚ ਰਿੰਦਾਂ ਮਸਤ ਖਰਾਬਾਂ,
ਨਾ ਵਿਚ ਜਾਗਣ ਨਾ ਵਿਚ ਸੌਣ।
ਬੁੱਲ੍ਹਾ ਕੀ ਜਾਣਾ ਮੈਂ ਕੌਣ।

(i) ਇਸ ਕਾਵਿ-ਟੁਕੜੀ ਦਾ ਲੇਖਕ ਕੌਣ ਹੈ ?
(ii) 'ਵੇਦ ਕਿਤਾਬਾਂ' ਤੋਂ ਕੀ ਅਰਥ ਲਿਆ ਗਿਆ ਹੈ ?
(iii) 'ਰਿੰਦਾਂ' ਦਾ ਕੀ ਭਾਵ ਹੈ ?

3. ਹੇਠ ਲਿਖੀਆਂ ਕਾਵਿ-ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

ਨਾ ਮੈਂ ਮੋਮਨ ਵਿਚ ਮਸੀਤਾਂ,
ਨਾ ਮੈਂ ਵਿਚ ਕੁਫ਼ਰ ਦੀਆਂ ਰੀਤਾਂ,
ਨਾ ਮੈਂ ਪਾਕਾਂ ਵਿਚ ਪਲੀਤਾਂ,
ਨਾ ਮੈਂ ਮੂਸਾ ਨਾ ਫਰਔਨ।
ਬੁੱਲ੍ਹਾ ਕੀ ਜਾਣਾ ਮੈਂ ਕੌਣ।

## ਮੂੰਹ ਆਈ ਬਾਤ ਨਾ ਰਹਿੰਦੀ ਏ

ਮੂੰਹ ਆਈ ਬਾਤ ਨ ਰਹਿੰਦੀ ਏ
ਝੂਠ ਆਖਾਂ ਤੇ ਕੁਝ ਬੱਚਦਾ ਏ
ਸੱਚ ਆਖਿਆਂ ਭਾਂਬੜ ਮੱਚਦਾ ਏ,
ਜੀ ਦੋਹਾਂ ਗੱਲਾਂ ਤੋਂ ਜੱਚਦਾ ਏ,
ਜੱਚ ਜੱਚ ਕੇ ਜਿਹਬਾ ਕਹਿੰਦੀ ਏ।
ਮੂੰਹ ਆਈ ਬਾਤ ਨਾ ਰਹਿੰਦੀ ਏ।
ਜਿਸ ਪਾਇਆ ਭੇਦ ਕਲੰਦਰ ਦਾ,
ਰਾਹ ਖੋਜਿਆ ਆਪਣੇ ਅੰਦਰ ਦਾ,
ਉਹ ਵਾਸੀ ਹੈ ਸੁਖ ਮੰਦਰ ਦਾ,
ਜਿਥੇ ਕੋਈ ਨਾ ਚੜ੍ਹਦੀ ਲਹਿੰਦੀ ਏ।
ਮੂੰਹ ਆਈ ਬਾਤ ਨਾ ਰਹਿੰਦੀ ਏ।
ਇਕ ਲਾਜ਼ਮ ਬਾਤ ਅਦਬ ਦੀ ਏ,
ਸਾਨੂੰ ਬਾਤ ਮਲੂਮੀ ਸਭ ਦੀ ਏ,
ਹਰ ਹਰ ਵਿਚ ਸੂਰਤ ਰੱਬ ਦੀ ਏ,
ਕਿਤੇ ਜ਼ਾਹਰ ਕਿਤੇ ਛੁਪੇਂਦੀ ਏ।
ਮੂੰਹ ਆਈ ਬਾਤ ਨਾ ਰਹਿੰਦੀ ਏ।

### ਔਖੇ ਸ਼ਬਦਾਂ ਦੇ ਅਰਥ

| | |
|---|---|
| ਬਾਤ | : ਗੱਲ |
| ਭਾਂਬੜ | : ਸ਼ੋਰ |
| ਜੱਚਦਾ | : ਰੁਕਦਾ/ ਝਿਜਕਦਾ |
| ਜਿਹਬਾ | : ਜ਼ੁਬਾਨ/ਜੀਭ |
| ਖੋਜਿਆ | : ਲੱਭਿਆ |
| ਲਾਜ਼ਮ | : ਜ਼ਰੂਰੀ |
| ਅਦਬ | : ਸ਼ਿਸ਼ਟਾਚਾਰ, ਜ਼ਿੰਦਗੀ, ਨਿਯਮ |
| ਮਾਲੂਮੀ | : ਜਾਣਕਾਰੀ |
| ਸੂਰਤ | : ਸ਼ਕਲ |
| ਕਲੰਦਰ | : ਈਸ਼ਵਰ ਦੀ ਪ੍ਰਾਪਤੀ ਲਈ ਮੋਹ-ਮਾਇਆ ਤਿਆਗਣ ਵਾਲਾ, ਮਸਤ |

## ਟਿੱਪਣੀ

ਬੁੱਲ੍ਹੇ ਸ਼ਾਹ ਹਰ ਮਨੁੱਖ ਵਿੱਚ ਰੱਬ ਵਸਦਾ ਹੋਇਆ ਵੇਖਦਾ ਹੈ। ਇਸ ਲਈ ਉਹ ਝੂਠ ਜਾਂ ਸੱਚ ਬੋਲਣ ਦੀ ਝਿਜਕ ਦਾ ਹਵਾਲਾ ਦਿੰਦਾ ਹੈ। ਕਵੀ ਮਨ ਅੰਦਰੋਂ ਹੀ ਪ੍ਰਭੂ ਪ੍ਰਮੇਸ਼ਵਰ ਨੂੰ ਪਾਉਣ ਉਪਰ ਜ਼ੋਰ ਦਿੰਦਾ ਹੈ। ਉਸ ਅਨੁਸਾਰ ਹਰ ਵਿਅਕਤੀ ਅੰਦਰ ਭਗਵਾਨ ਵਸਦਾ ਹੈ। ਲੋੜ ਸਿਰਫ਼ ਉਸ ਨੂੰ ਪਛਾਣਨ ਦੀ ਹੈ, ਕਿਉਂਕਿ ਉਸ ਨੂੰ ਸੱਚਾ ਸੁਖ ਪ੍ਰਮਾਤਮਾ ਦੀ ਪ੍ਰਾਪਤੀ ਵਿੱਚੋਂ ਹੀ ਮਹਿਸੂਸ ਹੁੰਦਾ ਹੈ।

## ਅਭਿਆਸ

**I. ਦੱਸੋ ਖਾਂ ਭਲਾ :**

(i) ਕਾਫ਼ੀ ਵਿੱਚ ਬੁੱਲ੍ਹੇ ਸ਼ਾਹ ਕਿਹੜੀ ਗੱਲ ਦਾ ਜ਼ਿਕਰ ਕਰਦਾ ਹੈ ?

(ii) ਬੁੱਲ੍ਹੇ ਸ਼ਾਹ ਕਲੰਦਰ ਦਾ ਭੇਤ ਕਿਵੇਂ ਪਾਉਣਾ ਚਾਹੁੰਦਾ ਹੈ ?

(iii) ਰੱਬ ਦੀ ਸੂਰਤ ਕਿੱਥੇ ਵਸਦੀ ਹੈ ?

(iv) ਰੱਬ ਦੀ ਪ੍ਰਾਪਤੀ ਮਗਰੋਂ ਕਿਹੋ ਜਿਹੀ ਅਵਸਥਾ ਬਣ ਜਾਂਦੀ ਹੈ ?

(v) ਕਾਫ਼ੀ ਅਨੁਸਾਰ ਬੁੱਲ੍ਹੇ ਸ਼ਾਹ ਨੂੰ ਕਿਸ ਗੱਲ ਦੀ ਝਿਜਕ ਹੈ ?

**2. ਹੇਠ ਲਿਖੀਆਂ ਕਾਵਿ-ਸਤਰਾਂ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :**

ਜਿਸ ਪਾਇਆ ਭੇਦ ਕਲੰਦਰ ਦਾ,
ਰਾਹ ਖੋਜਿਆ ਆਪਣੇ ਅੰਦਰ ਦਾ,
ਉਹ ਵਾਸੀ ਹੈ ਸੁਖ ਮੰਦਰ ਦਾ,
ਜਿਥੇ ਕੋਈ ਨਾ ਚੜ੍ਹਦੀ ਲਹਿੰਦੀ ਏ।
ਮੂੰਹ ਆਈ ਬਾਤ ਨਾ ਰਹਿੰਦੀ ਏ।

(i) ਇਸ ਕਾਵਿ-ਟੁਕੜੀ ਦਾ ਲੇਖਕ ਕੌਣ ਹੈ ?

(ii) ਆਪਣੇ ਅੰਦਰਲੇ ਰਾਹ ਖੋਜਣ ਤੋਂ ਕੀ ਭਾਵ ਲਿਆ ਗਿਆ ਹੈ ?

(iii) ਸੁੱਖ ਮੰਦਰ ਦਾ ਕੀ ਅਰਥ ਹੈ ?

**3. ਹੇਠ ਲਿਖੀਆਂ ਕਾਵਿ-ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

ਮੂੰਹ ਆਈ ਬਾਤ ਨ ਰਹਿੰਦੀ ਏ
ਝੂਠ ਆਖਾਂ ਤਾਂ ਕੁਝ ਬੱਚਦਾ ਏ
ਸੱਚ ਆਖਿਆਂ ਭਾਂਬੜ ਮੱਚਦਾ ਏ,
ਜੀ ਦੋਹਾਂ ਗੱਲਾਂ ਤੋਂ ਜੱਚਦਾ ਏ,
ਜੱਚ ਜੱਚ ਕੇ ਜਿਹਬਾ ਕਹਿੰਦੀ ਏ।
ਮੂੰਹ ਆਈ ਬਾਤ ਨਾ ਰਹਿੰਦੀ ਏ।

## ਆਉ ਕੁਝ ਹੋਰ ਕਰੀਏ

### ੳ. ਪਾਠ ਤੋਂ ਅੱਗੇ

(i) ਸਚਾਈ ਦੇ ਉਪਦੇਸ਼ ਵਾਲੀ ਕੋਈ ਕਵਿਤਾ ਰਚਣ ਦੀ ਕੋਸ਼ਿਸ਼ ਕਰੋ।

(ii) ਕੀ ਤੁਸੀਂ ਬੁੱਲ੍ਹੇ ਸ਼ਾਹ ਦੀ ਇਸ ਕਾਫ਼ੀ ਨਾਲ ਸਹਿਮਤ ਹੋ। ਆਪਣੇ ਵਿਚਾਰ ਪ੍ਰਗਟ ਕਰੋ।

(iii) ਕੀ ਤੁਸੀਂ ਬੁੱਲ੍ਹੇ ਸ਼ਾਹ ਵਾਂਗ ਆਪਣੀ ਹਸਤੀ ਬਾਰੇ ਸੋਚ ਸਕਦੇ ਹੋ। ਜੇ ਹਾਂ ਤਾਂ ਇਸੇ ਤਰ੍ਹਾਂ ਦੀ ਇੱਕ ਕਾਫ਼ੀ ਰਚਣ ਦਾ ਜਤਨ ਕਰੋ।

(iv) ਬੁੱਲ੍ਹੇ ਸ਼ਾਹ ਦੀ ਕੋਈ ਹੋਰ ਕਾਫ਼ੀ ਚੁਣ ਕੇ ਉਸ ਨੂੰ ਗਾਉਣ ਦਾ ਅਭਿਆਸ ਕਰੋ।

(v) ਕੀ ਤੁਸੀਂ ਵੀ ਕਦੇ ਆਪਣੇ ਆਪ ਨੂੰ ਜਾਣਨ ਦੀ ਕੋਸ਼ਿਸ਼ ਕੀਤੀ ਹੈ ? ਕੀ ਤੁਹਾਨੂੰ ਵੀ ਹਰ ਮਨੁੱਖ ਵਿੱਚ ਭਗਵਾਨ ਦੇ ਦਰਸ਼ਨ ਹੁੰਦੇ ਹਨ ? ਆਪਣਾ ਤਰਕ ਪੇਸ਼ ਕਰੋ।

(vi) ਤੁਹਾਡੇ ਵਿਚ ਸੱਚ ਨਾਲ ਖੜ੍ਹੇ ਹੋਣ ਦੀ ਹਿੰਮਤ ਹੈ ? ਕੀ ਤੁਸੀਂ ਕਦੇ ਝੂਠ ਨੂੰ ਨਕਾਰ ਕੇ ਸੱਚ ਦਾ ਸਾਥ ਦਿੱਤਾ ਹੈ। ਅਜਿਹੀ ਕਿਸੇ ਘਟਨਾ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

**ਅ. ਪਾਠ ਦੇ ਆਧਾਰ ’ਤੇ ਠੀਕ ( ✔ ) ਜਾਂ ਗਲਤ ( ✖ ) ਦਾ ਨਿਸ਼ਾਨ ਬਣਾਉ :**

(i) ਬੁੱਲ੍ਹੇ ਸ਼ਾਹ ਆਪਣੇ ਆਪ ਨੂੰ ਜਾਣਨ ਲਈ ਬੇਤਾਬ ਹੈ। ☐

(ii) ਕਵੀ ਨੂੰ ਹਰ ਚੀਜ਼ ਵਿੱਚ ਆਪਣੇ ਦੀਦਾਰ ਹੁੰਦੇ ਹਨ। ☐

(iii) ਕਾਫ਼ੀ ਅਨੁਸਾਰ ਹਰ ਮਨੁੱਖ ਵਿੱਚ ਪ੍ਰਮਾਤਮਾ ਦਾ ਵਾਸ ਹੈ। ☐

(iv) ਸੁਖ ਮੰਦਰ ਦਾ ਵਾਸੀ ਅਧਿਆਤਮਕ ਨਹੀਂ ਹੋ ਸਕਦਾ। ☐

(v) ਅੰਦਰ ਦਾ ਰਾਹ ਖੋਜਣ ਵਾਲਾ ਹਨ੍ਹੇਰੇ ਵਿੱਚ ਜਾ ਸਕਦਾ ਹੈ। ☐

**ੲ. ਖਾਲੀ ਥਾਵਾਂ ਭਰੋ :**

(i) ਝੂਠ ਬੋਲਣ ਨਾਲ ... ਹੁੰਦਾ ਹੈ।

(ii) ਆਪਣੇ ਅੰਦਰ ਦਾ ... ਜਾਣ ਕੇ ਰੱਬ ਨੂੰ ਹਾਸਲ ਕੀਤਾ ਜਾ ਸਕਦਾ ਹੈ।

(iii) ਬੁੱਲ੍ਹੇ ਸ਼ਾਹ ਕਹਿੰਦਾ ਹੈ ਕਿ ਉਹ ਕੋਈ ... ਨਹੀਂ ਹੈ।

(iv) ... ਦੀ ਰਚਨਾ ਨਾਲ ਬੁੱਲ੍ਹੇ ਸ਼ਾਹ ਨੂੰ ਪ੍ਰਸਿੱਧੀ ਹਾਸਲ ਹੋਈ।

(v) ਸੱਚ ਬੋਲਣ ਨਾਲ ... ਮੱਚ ਜਾਂਦਾ ਹੈ।

**ਨੁਕਸਾਨ ਕਾਫ਼ੀਆਂ ਜ਼ਾਲਿਮ ਬਾਦਸ਼ਾਹ ਭੇਤ ਭਾਂਬੜ**

**ਸ. ਜੋੜੇ ਬਣਾਉ :**

| | |
|---|---|
| ਮੋਮਨ | ਜ਼ਰੂਰੀ |
| ਪਲੀਤ | ਮੁਸਲਮਾਨ |
| ਜਿਹਬਾ | ਪਾਪੀ |
| ਲਾਜ਼ਮ | ਜ਼ੁਬਾਨ |

**ਹ. ਵਿਰੋਧੀ ਸ਼ਬਦ ਲਿਖੋ :**

(i) ਜਾਗਣਾ ...

(ii) ਪਵਿੱਤਰ ...

(iii) ਭੇਤ ...

(iv) ਸੁਖ ...

**ਕ. ਸਮਾਨਰਥਕ ਸ਼ਬਦ ਲਿਖੋ :**

(i) ਸ਼ਾਦੀ ...

(ii) ਆਖਣਾ ...

(iii) ਬਾਤ ...

(iv) ਲਾਜ਼ਮੀ ...

**ਖ. ਵਾਕ ਬਣਾਉ :**


(i) ਭੇਤ ... ... ... ...

(ii) ਮਾਲੂਮ ... ... ... ...

(iii) ਜ਼ਾਹਿਰ ... ... ... ...

(iv) ਮਸਤ ... ... ... ...

(v) ਕੁਫ਼ਰ ... ... ... ...



# ਕਿੱਸਾ

## ਵਾਰਿਸ ਸ਼ਾਹ



### ਸ਼ਖ਼ਸੀਅਤ ਤੇ ਰਚਨਾ

ਵਾਰਿਸ ਸ਼ਾਹ ਦੇ ਜਨਮ ਬਾਰੇ ਕੋਈ ਭਰੋਸੇਯੋਗ ਜਾਣਕਾਰੀ ਪ੍ਰਾਪਤ ਨਹੀਂ ਹੈ। ਪਰ ਵਿਦਵਾਨਾਂ ਨੇ ਉਨ੍ਹਾਂ ਦੀ ਰਚਨਾ ਹੀਰ ਵਾਰਿਸ ਅੰਦਰਲੇ ਵੇਰਵਿਆਂ ਦੇ ਆਧਾਰ ਉੱਤੇ ਉਨ੍ਹਾਂ ਦਾ ਸਮਾਂ 1720 ਈਸਵੀ ਤੋਂ 1795 ਤੱਕ ਦਾ ਮੰਨਿਆ ਹੈ। ਉਨ੍ਹਾਂ ਦਾ ਜਨਮ ਪੰਜਾਬ ਦੇ ਕਸਬੇ ਜੰਡਿਆਲਾ ਸ਼ੇਰ ਖਾਂ ਵਿੱਚ ਹੋਇਆ। ਆਪ ਪਾਕਪਟਨ ਦੇ ਉੱਘੇ ਸੂਫ਼ੀ ਫ਼ਕੀਰ ਬਾਬਾ ਫ਼ਰੀਦ ਸ਼ਕਰਗੰਜ ਦੇ ਰੂਹਾਨੀ ਮੁਰੀਦ ਸਨ। ਉਹ ਅਰਬੀ, ਫ਼ਾਰਸੀ, ਇਸਲਾਮੀ ਫ਼ਲਸਫ਼ੇ, ਤਿੱਥ ਤੇ ਯੋਗ, ਤਸੱਵਫ਼ ਅਤੇ ਰਾਗ-ਵਿਦਿਆ ਦਾ ਡੂੰਘਾ ਗਿਆਨ ਰਖਦੇ ਸਨ। ਆਪ ਨੂੰ ਪੰਜਾਬੀ ਕਿੱਸਾਕਾਰੀ ਦਾ ਉਸਤਾਦ ਕਿਹਾ ਜਾਂਦਾ ਹੈ।

ਪ੍ਰੇਮ-ਕਥਾ ਨੂੰ ਆਧਾਰ ਬਣਾ ਕੇ ਕੀਤੀਆਂ ਗਈਆਂ ਕਿੱਸਾ-ਰਚਨਾਵਾਂ ਵਿੱਚ ਆਪ ਦੀ ਰਚਨਾ 'ਹੀਰ ਵਾਰਿਸ' ਪੰਜਾਬੀ ਸਾਹਿਤ ਦੀ ਇੱਕ ਅਮਰ ਤੇ ਅਮੁੱਲ ਰਚਨਾ ਹੈ। ਅੰਗਰੇਜ਼ੀ ਵਿੱਚ ਸ਼ੈਕਸਪੀਅਰ ਅਤੇ ਸੰਸਕ੍ਰਿਤ ਵਿੱਚ ਕਾਲੀਦਾਸ ਦਾ ਜੋ ਦਰਜਾ ਹੈ, ਪੰਜਾਬੀ ਵਿਚ ਉਹੀ ਦਰਜਾ ਵਾਰਿਸ ਸ਼ਾਹ ਦਾ ਹੈ। ਆਪਣੇ ਕਿੱਸੇ 'ਹੀਰ' ਕਰਕੇ ਵਾਰਿਸ ਸ਼ਾਹ ਅਮਰ ਰਹਿਣਗੇ।

ਇੱਕ ਦੰਦ-ਕਥਾ ਹੈ ਕਿ ਜਦੋਂ ਵਾਰਿਸ ਪਾਕਪਟਨ ਤੋਂ ਫ਼ਕੀਰੀ ਗਿਆਨ ਪ੍ਰਾਪਤ ਕਰਕੇ ਵਾਪਸ ਆ ਰਹੇ ਸਨ ਤਾਂ ਉਨ੍ਹਾਂ ਨੇ ਠੱਟਾ ਜ਼ਾਹਦ ਨਾਂ ਦੇ ਪਿੰਡ ਦੀ ਮਸੀਤ ਵਿਚ ਡੇਰਾ ਲਾ ਲਿਆ। ਉਥੇ ਰਹਿੰਦਿਆਂ ਉਨ੍ਹਾਂ ਦੀ ਇਲਾਕੇ ਵਿੱਚ ਬਹੁਤ ਸ਼ੁਹਰਤ ਫੈਲ ਗਈ। ਇਥੇ ਹੀ ਉਨ੍ਹਾਂ ਨੂੰ 'ਭਾਗਭਰੀ' ਨਾਂ ਦੀ ਮੁਟਿਆਰ ਨਾਲ ਪਿਆਰ ਹੋ ਗਿਆ। ਜਦੋਂ ਲੋਕਾਂ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਦੀ ਬਹੁਤ ਬਦਨਾਮੀ ਹੋਈ ਤੇ ਉਹ ਆਪਣਾ ਟਿਕਾਣਾ ਛੱਡ ਕੇ ਮਲਕਾ ਹਾਂਸ ਆ ਗਏ। ਇਥੇ ਹੀ ਉਨ੍ਹਾਂ ਨੇ ਪਿਆਰ ਦੇ ਵਿਛੋੜੇ ਨੂੰ ਹੀਰ ਦੇ ਕਿੱਸੇ ਦੇ ਰੂਪ ਵਿੱਚ ਲਿਖਿਆ।

## ਮਾਪੇ ਕਾਜੀ ਨੂੰ ਸੱਦ ਲਿਆਂਵਦੇ ਨੇ

ਹੀਰ ਵੱਤ ਕੇ ਬੇਲਿਓਂ ਘਰੀਂ ਆਈ, ਮਾਊਂ ਬਾਪ ਕਾਜ਼ੀ ਸੱਦ ਲਿਆਂਵਦੇ ਨੀ
ਦੋਵੇਂ ਆਪ ਬੈਠੇ ਅਤੇ ਵਿਚ ਕਾਜ਼ੀ, ਅਤੇ ਸਾਮ੍ਹਣੇ ਹੀਰ ਬਹਾਂਵਦੇ ਨੀ
ਬੱਚਾ ਹੀਰ ! ਤੈਨੂੰ ਅਸੀਂ ਮੱਤ ਦੇਂਦੇ, ਮਿੱਠੀ ਜ਼ਬਾਂ ਦੇ ਨਾਲ ਸਮਝਾਂਵਦੇ ਨੀ
ਚਾਕ ਚੋਬਰਾਂ ਨਾਲ ਨਾ ਗੱਲ ਕੀਚੈ, ਏਹ ਮਿਹਨਤੀ ਕੇਹੜੇ ਥਾਂਵ ਦੇ ਨੀ
ਚਰਖਾ ਡਾਹ ਕੇ ਆਪਣੇ ਘਰੀਂ ਬਹੀਏ, ਸੁੱਘੜ ਗਾਉਂ ਕੇ ਜੀਉ ਪਰਚਾਂਵਦੇ ਨੀ
ਲਾਲ ਡਾਹ ਕੇ ਚਰਖੜਾ ਛੋਪ ਪਾਈਏ, ਕੇਹੇ ਸੋਹਣੇ ਗੀਤ ਝਨਾਂਵ ਦੇ ਨੀ
ਨੀਵੀਂ ਨਜ਼ਰ ਹਯਾਉ ਦੇ ਨਾਲ ਰਹੀਏ, ਤੈਨੂੰ ਸਭ ਸਿਆਣੇ ਫ਼ਰਮਾਂਵਦੇ ਨੀ
ਚੂਚਕ ਸਿਆਲ ਹੋਰੀਂ ਹੀਰੇ ਜਾਣਨੀ ਹੈਂ, ਸਰਦਾਰ ਨੇ ਪੰਜ ਗਿਰਾਂਵ ਦੇ ਨੀ
ਸ਼ਰਮ ਮਾਪਿਆਂ ਦੀ ਵੱਲ ਧਿਆਨ ਧਰੀਏ, ਸ਼ਾਨਦਾਰ ਏਹ ਜੱਟ ਝਨਾਂਵ ਦੇ ਨੀ
ਬਾਹਰ ਫਿਰਨ ਨਾ ਸੋਂਹਦਾ ਜੱਟੀਆਂ ਨੂੰ, ਅੱਜ ਕਲ੍ਹ ਲਾਗੀ ਘਰ ਆਂਵਦੇ ਨੀ
ਏਥੇ ਵਿਆਹ ਦੇ ਵਡੇ ਸਾਮਾਨ ਹੋਂਦੇ, ਓਥੇ ਖੇੜੇ ਬਣਾ ਬਣਾਂਵਦੇ ਨੀ
ਵਾਰਿਸਸ਼ਾਹ ਮੀਆਂ ਚੰਦ ਰੋਜ਼ ਅੰਦਰ, ਖੇੜੇ ਜੋੜ ਕੇ ਜੰਞ ਲਿਆਂਵਦੇ ਨੀ

### ਔਖੇ ਸ਼ਬਦਾਂ ਦੇ ਅਰਥ

| | |
|---|---|
| ਵੱਤ | : ਪਲਟ ਕੇ |
| ਬੇਲਿਓਂ | : ਜੰਗਲ/ ਨਦੀ ਕੰਢਿਓਂ |
| ਸੱਦ | : ਗੁਹਾਰ, ਪੁਕਾਰ, ਬੁਲਾਉਣਾ |
| ਕਾਜ਼ੀ | : ਨਿਆਂਕਾਰ |
| ਮੱਤ | : ਅਕਲ |
| ਚਾਕ | : ਨੌਕਰ |
| ਚੋਬਰਾਂ | : ਜੁਆਨਾਂ |
| ਸੁਘੜ | : ਸਿਆਣੇ |
| ਪਰਚਾਂਵਦੇ | : ਦਿਲ ਬਹਿਲਾਉਣ ਦਾ ਭਾਵ |
| ਛੋਪ ਪਾਈਏ | : ਕੁੜੀਆਂ ਦਾ ਰਲ ਕੇ ਕੱਤਣਾ |
| ਸੱਭ | : ਤਮਾਮ/ਸਭ, ਸਾਰੇ |
| ਝਨਾਂਵ | : ਝਨਾ ਦਰਿਆ |
| ਚੂਚਕ | : ਹੀਰ ਦਾ ਪਿਤਾ |
| ਸਿਆਲ | : ਜੱਟ ਗੋਤ |
| ਗਿਰਾਂਵ | : ਗ੍ਰਾਮ (ਪਿੰਡ) |
| ਸੋਂਹਦਾ | : ਸ਼ੋਭਾ ਦਿੰਦਾ |
| ਲਾਗੀ | : ਗ੍ਰਹਿਸਥੀਆਂ ਦੇ ਆਸਰੇ ਲੱਗ ਕੇ ਗੁਜ਼ਾਰਾ ਕਰਨ ਵਾਲੇ ਕਾਮੇ |
| ਖੇੜੇ | : ਹੀਰ ਦੇ ਮੰਗੇਤਰ ਦਾ ਪਿੰਡ |
| ਜੰਞ | : ਬਰਾਤ |

## ਟਿੱਪਣੀ

ਇਨ੍ਹਾਂ ਕਾਵਿ-ਸਤਰਾਂ ਵਿੱਚ ਹੀਰ ਨੂੰ ਬਾਹਰ ਜਾਣ ਤੋਂ ਮਨ੍ਹਾਂ ਕਰਕੇ ਘਰ ਵਿੱਚ ਰਹਿਣ ਲਈ ਉਸ ਦੇ ਮਾਪਿਆਂ ਦੀ ਕੋਸ਼ਿਸ਼ ਦਾ ਪਤਾ ਲਗਦਾ ਹੈ। ਹੀਰ ਤੇ ਰਾਂਝੇ ਦੇ ਕਿੱਸੇ ਦੀ ਚਰਚਾ ਸੁਣ ਕੇ ਉਸ ਦੇ ਮਾਂ-ਪਿਓ ਕਾਜ਼ੀ ਨੂੰ ਘਰ ਬੁਲਾ ਕੇ ਹੀਰ ਨੂੰ ਉਸ ਦੇ ਸਾਹਮਣੇ ਬਿਠਾ ਕੇ ਸਮਝਾਉਂਦੇ ਹਨ। ਉਸ ਨੂੰ ਨੌਕਰਾਂ/ਚਾਕਰਾਂ ਨਾਲ ਗੱਲ ਕਰਨ ਤੋਂ ਵਰਜਦੇ ਹਨ। ਘਰ ਰਹਿ ਕੇ ਹੀ ਕੰਮ-ਕਾਜ ਵਿੱਚ ਰੁੱਝੇ ਰਹਿਣ ਅਤੇ ਸਹੇਲੀਆਂ ਨਾਲ ਜੀਅ ਪਰਚਾਉਣ ਲਈ ਕਹਿੰਦੇ ਹਨ। ਉਹ ਆਪਣੀ ਇੱਜ਼ਤ ਦਾ ਵਾਸਤਾ ਪਾਉਂਦੇ ਹਨ ਤੇ ਖੇੜਿਆਂ ਦੇ ਘਰ ਵਿਆਹ ਦੀ ਤਿਆਰੀ ਬਾਰੇ ਦਸਦੇ ਹਨ। ਛੇਤੀ ਹੀ ਖੇੜਿਆਂ ਨੇ ਬਰਾਤ ਲੈ ਕੇ ਹੀਰ ਨੂੰ ਵਿਆਹੁਣ ਆਉਣਾ ਹੈ। ਉਹ ਦੋਵਾਂ ਘਰਾਂ ਦੀ ਇੱਜ਼ਤ ਦਾ ਵਾਸਤਾ ਪਾਉਂਦੇ ਹਨ।

## ਅਭਿਆਸ

**1. ਦੱਸੋ ਖਾਂ ਭਲਾ :**

(i) ਹੀਰ ਦੇ ਮਾਂ-ਪਿਉ ਕਿਸ ਨੂੰ ਸੱਦ ਕੇ ਲਿਆਉਂਦੇ ਹਨ ?
(ii) ਹੀਰ ਨੂੰ ਸਾਹਮਣੇ ਬਿਠਾ ਕੇ ਕੀ ਸਮਝਾਇਆ ਗਿਆ ?
(iii) 'ਚਾਕ-ਚੋਬਰ' ਕਿਸ ਨੂੰ ਕਿਹਾ ਗਿਆ ਹੈ ?
(iv) 'ਝਨਾਂਵ' ਤੋਂ ਕੀ ਭਾਵ ਹੈ ?
(v) ਪੰਜ ਪਿੰਡਾਂ ਦੇ ਮਾਲਕ ਕੌਣ ਸਨ ?
(vi) ਹੀਰ ਨੂੰ ਕੀ ਕਰਨ ਲਈ ਕਿਹਾ ਜਾ ਰਿਹਾ ਹੈ ?
(vii) ਮਿੱਠੀ ਜ਼ਬਾਨ ਨਾਲ ਕੌਣ ਤੇ ਕਿਸ ਨੂੰ ਕੀ ਸਮਝਾ ਰਹੇ ਹਨ ?
(viii) ਹੀਰ ਕਿਸ ਨੂੰ ਪਿਆਰ ਕਰਦੀ ਹੈ ਤੇ ਉਸ ਦੇ ਮਾਂ-ਪਿਉ ਉਸ ਦਾ ਵਿਆਹ ਕਿਸ ਨਾਲ ਕਰਵਾਉਣਾ ਚਾਹੁੰਦੇ ਹਨ ?

**2. ਹੇਠ ਲਿਖੀਆਂ ਕਾਵਿ-ਸਤਰਾਂ ਪੜ੍ਹ ਕੇ ਪੁਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ :**

ਸ਼ਰਮ ਮਾਪਿਆਂ ਦੀ ਵਲ ਧਿਆਨ ਧਰੀਏ, ਸ਼ਾਨਦਾਰ ਏਹ ਜੱਟ ਝਨਾਂਵ ਦੇ ਨੀ
ਬਾਹਰ ਫਿਰਨ ਨਾ ਸੋਂਹਦਾ ਜੱਟੀਆਂ ਨੂੰ, ਅੱਜ ਕਲ੍ਹ ਲਾਗੀ ਘਰ ਆਂਵਦੇ ਨੀ
ਏਥੇ ਵਿਆਹ ਦੇ ਵਡੇ ਸਾਮਾਨ ਹੋਂਦੇ, ਓਥੇ ਖੇੜੇ ਬਣਾ ਬਣਾਂਵਦੇ ਨੀ
ਵਾਰਿਸਸ਼ਾਹ ਮੀਆਂ ਚੰਦ ਰੋਜ਼ ਅੰਦਰ, ਖੇੜੇ ਜੋੜ ਕੇ ਜੰਞ ਲਿਆਂਵਦੇ ਨੀ

(i) ਮਾਪਿਆਂ ਵੱਲ ਧਿਆਨ ਦੇਣ ਲਈ ਕਿਸ ਨੂੰ ਤੇ ਕਿਉਂ ਕਿਹਾ ਜਾ ਰਿਹਾ ਹੈ ?
(ii) ਕਿਸ ਨੂੰ ਤੇ ਕਿਉਂ ਬਾਹਰ ਜਾਣ ਤੋਂ ਮਨ੍ਹਾਂ ਕੀਤਾ ਗਿਆ ਹੈ ?
(iii) ਕਿਸ ਦੇ ਵਿਆਹ ਦੀ ਤਿਆਰੀ ਹੋ ਰਹੀ ਹੈ ? ਜੰਞ ਕੌਣ ਲੈ ਕੇ ਆ ਰਹੇ ਹਨ ?
(iv) ਇਹ ਕਿੱਸਾ ਕਿਸ ਦੀ ਰਚਨਾ ਹੈ ਤੇ ਕਿਸ ਸਿਰਲੇਖ ਅਧੀਨ ਦਰਜ ਹੈ?

**3. ਹੇਠ ਲਿਖੀਆਂ ਕਾਵਿ-ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

ਹੀਰ ਵੱਤ ਕੇ ਬੇਲਿਓਂ ਘਰੀਂ ਆਈ, ਮਾਉਂ ਬਾਪ ਕਾਜ਼ੀ ਸੱਦ ਲਿਆਂਵਦੇ ਨੀ
ਦੋਵੇਂ ਆਪ ਬੈਠੇ ਅਤੇ ਵਿਚ ਕਾਜ਼ੀ, ਅਤੇ ਸਾਮ੍ਹਣੇ ਹੀਰ ਬਹਾਂਵਦੇ ਨੀ
ਬੱਚਾ ਹੀਰ ! ਤੈਨੂੰ ਅਸੀਂ ਮੱਤ ਦੇਂਦੇ, ਮਿੱਠੀ ਜ਼ਬਾਂ ਦੇ ਨਾਲ ਸਮਝਾਂਵਦੇ ਨੀ
ਚਾਕ ਚੋਬਰਾਂ ਨਾਲ ਨਾ ਗੱਲ ਕੀਚੇ, ਏਹ ਮਿਹਨਤੀ ਕੇਹੜੇ ਥਾਂਵ ਦੇ ਨੀ

## ਅਸੀਂ ਚੇਲੜੇ ਤੇ ਤੁਸੀਂ ਪੀਰ ਮੀਆਂ

ਟਿੱਲੇ ਜਾਇ ਕੇ ਜੋਗੀ ਦੇ ਹੱਥ ਜੋੜੇ, ਸਾਨੂੰ ਆਪਣਾ ਕਰੋ ਫ਼ਕੀਰ ਮੀਆਂ
ਤੇਰੇ ਦਰਸ ਦੀਦਾਰ ਦੇ ਵੇਖਣੇ ਨੂੰ, ਆਏ ਦੇਸ ਪਰਦੇਸ ਨੂੰ ਚੀਰ ਮੀਆਂ
ਸਿਦਕ ਧਾਰ ਕੇ ਨਾਲ ਯਕੀਨ ਆਏ, ਅਸੀਂ ਚੇਲੜੇ ਤੇ ਤੁਸੀਂ ਪੀਰ ਮੀਆਂ
ਬਾਦਸ਼ਾਹ ਸੱਚਾ ਰੱਬ ਆਲਮਾਂ ਦਾ, ਫੱਕਰ ਓਸਦੇ ਹੈਣ ਵਜ਼ੀਰ ਮੀਆਂ
ਬਿਨਾਂ ਮੁਰਸ਼ਦਾਂ ਰਾਹ ਨਾ ਹੱਥ ਆਵੇ, ਦੁੱਧ ਬਾਝ ਨਾ ਰਿੱਝਦੀ ਖੀਰ ਮੀਆਂ
ਯਾਦ ਹੱਕ ਦੀ ਸਬਰ ਤਸਲੀਮ ਨਿਹਚਾ, ਤੁਸਾਂ ਜੱਗ ਦੇ ਨਾਲ ਕੀ ਸੀਰ ਮੀਆਂ
ਫੱਕਰ ਕੁੱਲ ਜਹਾਨ ਦਾ ਆਸਰਾ ਨੇ, ਤਾਬੇ ਫੱਕਰ ਦੇ ਪੀਰ ਤੇ ਮੀਰ ਮੀਆਂ
ਮੇਰਾ ਮਾਉਂ ਨਾ ਬਾਪ ਨਾ ਸਾਕ ਕੋਈ, ਚਾਚਾ, ਤਾਇਆ ਨਾ ਭੈਣ ਤੇ ਵੀਰ ਮੀਆਂ
ਦੁਨੀਆਂ ਵਿਚ ਹੈਰਾਨ ਹਾਂ ਬਹੁਤ ਹੋਇਆ, ਪੈਰੋਂ ਸਾਡਿਉਂ ਲਾਹ ਜ਼ੰਜੀਰ ਮੀਆਂ
ਵਾਰਿਸ ਛੱਡ ਕੇ ਜਾਂ ਮੈਂ ਹੋਰ ਕਿਸੇ ਥੇ, ਨਜ਼ਰ ਆਵਨਾ ਏ ਜ਼ਾਹਰਾ ਪੀਰ ਮੀਆਂ

### ਔਖੇ ਸ਼ਬਦਾਂ ਦੇ ਅਰਥ

ਟਿੱਲੇ : ਟਿਕਾਣਾ
ਦਰਸ : ਦੀਦਾਰ, ਦਰਸ਼ਨ
ਦੀਦਾਰ : ਦਰਸ਼ਨ
ਚੀਰ : ਪਾਰ ਕਰਕੇ
ਸਾਂਈ : ਰਾਜਾ, ਮਾਲਿਕ
ਸਿਦਕ : ਵਿਸ਼ਵਾਸ, ਸਚਾਈ, ਸ਼ਰਧਾ
ਧਾਰ : ਧਾਰਣ
ਯਕੀਨ : ਭਰੋਸਾ, ਵਿਸ਼ਵਾਸ
ਆਲਮਾਂ : ਇਲਮ ਜਾਂ ਗਿਆਨ ਰੱਖਣ ਵਾਲੇ ਵਿਦਵਾਨ
ਫ਼ੱਕਰ : ਫਕੀਰੀ
ਮੁਰਸ਼ਦਾਂ : ਗੁਰੂ, ਪੀਰ, ਹਦਾਇਤ ਕਰਨ ਵਾਲਾ
ਰਿਝਦੀ : ਪੱਕਦੀ, ਬਣਦੀ
ਹੱਕ : ਇਨਸਾਫ਼, ਸੱਚਾ
ਤਸਲੀਮ : ਸਲਾਮ, ਹੁਕਮ ਮੰਨਣ ਦਾ ਭਾਵ
ਨਿਹਚਾ : ਨਿਸਚਾ, ਭਰੋਸਾ, ਯਕੀਨ
ਜੱਗ : ਸੰਸਾਰ, ਦੁਨੀਆ
ਸੀਰ : ਸਾਂਝ
ਤਾਬੇ : ਅਧੀਨ, ਮਾਤਹਤ
ਜ਼ਾਹਿਰਾ : ਪ੍ਰਗਟ, ਪ੍ਰਤੱਖ
ਪੀਰ : ਬਜ਼ੁਰਗ, ਧਰਮ ਦਾ ਅਚਾਰੀਆ/ਗੁਰੂ

## ਟਿੱਪਣੀ

ਵਾਰਿਸ ਸ਼ਾਹ ਦੇ ਕਿੱਸਾ ਹੀਰ-ਵਾਰਿਸ ਦੇ ਇਸ ਬੰਦ ਵਿੱਚ ਉਸ ਸਮੇਂ ਦਾ ਵਰਨਣ ਹੈ, ਜਦੋਂ ਰਾਂਝਾ ਹੀਰ ਦੇ ਵਿਆਹ ਤੋਂ ਬਾਅਦ ਜੋਗੀ ਦੇ ਟਿੱਲੇ 'ਤੇ ਜਾ ਕੇ ਜੋਗ ਦੀ ਮੰਗ ਕਰਦਾ ਹੈ। ਉਹ ਕਹਿੰਦਾ ਹੈ ਕਿ ਮੁਰਸ਼ਦ ਤੋਂ ਬਿਨਾਂ ਕੋਈ ਰਾਹ ਨਹੀਂ ਮਿਲਦਾ, ਜਿਵੇਂ ਦੁੱਧ ਤੋਂ ਬਿਨਾਂ ਖੀਰ ਨਹੀਂ ਬਣਦੀ। ਉਹ ਜੋਗੀ ਨੂੰ ਕਹਿੰਦਾ ਹੈ ਕਿ ਕੁਲ ਜਹਾਨ ਵਿੱਚ ਮੇਰਾ ਕੋਈ ਦੁਨਿਆਵੀ ਰਿਸ਼ਤੇਦਾਰ ਨਹੀਂ ਹੈ, ਉਹ ਆਪਣੇ ਪੈਰਾਂ ਤੋਂ ਮੋਹ ਦੇ ਬੰਧਨਾਂ ਦੀ ਜ਼ੰਜੀਰ ਲਾਹੁਣ ਬਾਰੇ ਆਖਦਾ ਹੈ। ਉਹ ਅਸਥਿਰ ਅਵਸਥਾ ਵਿੱਚ ਹੈ। ਉਹ ਆਪਣੀ ਸਮੱਸਿਆ ਦੇ ਹੱਲ ਖਾਤਰ ਕਿਸੇ ਪੀਰ ਦੀ ਸ਼ਰਨ 'ਚ ਜਾਣਾ ਚਾਹੁੰਦਾ ਹੈ। ਉਸ ਨੂੰ ਵਿਸ਼ਵਾਸ ਹੈ ਕਿ ਫ਼ਕੀਰ ਕੁੱਲ ਦੁਨੀਆਂ ਦਾ ਆਸਰਾ ਹੈ।

## ਅਭਿਆਸ

**1. ਦੱਸੋ ਖਾਂ ਭਲਾ :**

(i) ਟਿੱਲੇ ਜਾ ਕੇ ਕਿਸ ਨੇ ਹੱਥ ਜੋੜੇ ?

(ii) ਕਿਸ ਦੇ ਬਿਨਾਂ ਰਾਹ ਹੱਥ ਨਹੀਂ ਆਉਂਦਾ ?

(iii) ਖੀਰ ਕਿਸ ਨਾਲ ਬਣਦੀ ਹੈ ?

(iv) 'ਤਸਲੀਮ' ਸ਼ਬਦ ਕਿਸ ਲਈ ਵਰਤਿਆ ਗਿਆ ਹੈ ?

(v) 'ਸਾਂਈਂ" ਸ਼ਬਦ ਦੇ ਅਰਥ ਸਪਸ਼ਟ ਕਰੋ।

(vi) ਕੌਣ ਚੇਲਾ ਤੇ ਕੌਣ ਪੀਰ ਹੈ ?

(vii) ਜੋਗੀ ਨੂੰ ਕਿਸ ਨੇ ਤੇ ਕਿਉਂ ਹੱਥ ਜੋੜੇ ?

(viii) 'ਸਿਦਕ ਧਾਰ ਕੇ ਨਾਲ ਯਕੀਨ ਆਏ' ਸਤਰ ਤੋਂ ਕੀ ਭਾਵ ਹੈ ?

(ix) ਮੁਰਸ਼ਿਦ ਤੋਂ ਬਿਨਾਂ ਕੀ ਸੰਭਵ ਨਹੀਂ ? ਇਸ ਅੰਸ਼ ਵਿੱਚ ਇਸ ਦੀ ਤੁਲਨਾ ਲਈ ਕਿਹੜੀ ਉਦਾਹਰਨ ਦਿੱਤੀ ਗਈ ਹੈ ?

**2. ਹੇਠ ਲਿਖੀਆਂ ਕਾਵਿ-ਸਤਰਾਂ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :**

ਫੱਕਰ ਕੁੱਲ ਜਹਾਨ ਦਾ ਆਸਰਾ ਨੇ, ਤਾਬੇ ਫੱਕਰ ਦੇ ਪੀਰ ਤੇ ਮੀਰ ਮੀਆਂ
ਮੇਰਾ ਮਾਉਂ ਨਾ ਬਾਪ ਨਾ ਸਾਕ ਕੋਈ, ਚਾਚਾ, ਤਾਇਆ ਨਾ ਭੈਣ ਤੇ ਵੀਰ ਮੀਆਂ
ਦੁਨੀਆਂ ਵਿਚ ਹੈਰਾਨ ਹਾਂ ਬਹੁਤ ਹੋਇਆ, ਪੈਰੋਂ ਸਾਡਿਉਂ ਲਾਹ ਜ਼ੰਜੀਰ ਮੀਆਂ
ਵਾਰਿਸ ਛੱਡ ਕੇ ਜਾਂ ਮੈਂ ਹੋਰ ਕਿਸੇ ਥੇ, ਨਜ਼ਰ ਆਵਨਾ ਏ ਜ਼ਾਹਰਾ ਪੀਰ ਮੀਆਂ

(i) ਇਸ ਅੰਸ਼ ਵਿੱਚ ਕਿਹੜੇ-ਕਿਹੜੇ ਰਿਸ਼ਤਿਆਂ ਦਾ ਜ਼ਿਕਰ ਆਇਆ ਹੈ ?

(ii) ਦੁਨੀਆਂ ਤੋਂ ਕੌਣ ਤੇ ਕਿਉਂ ਉਦਾਸ ਹੈ ?

(iii) ਪੈਰਾਂ ਤੋਂ ਕਿਹੜੀ ਜ਼ੰਜੀਰ ਲਾਹੁਣ ਦੀ ਗੱਲ ਕੀਤੀ ਗਈ ਹੈ ?

(iv) ਉਪਰੋਕਤ ਅੰਸ਼ ਦਾ ਕੇਂਦਰੀ ਭਾਵ ਸਪਸ਼ਟ ਕਰੋ।

**3. ਹੇਠ ਲਿਖੀਆਂ ਕਾਵਿ-ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

ਟਿੱਲੇ ਜਾਇ ਕੇ ਜੋਗੀ ਦੇ ਹੱਥ ਜੋੜੇ, ਸਾਨੂੰ ਆਪਣਾ ਕਰੋ ਫ਼ਕੀਰ ਮੀਆਂ
ਤੇਰੇ ਦਰਸ ਦੀਦਾਰ ਦੇ ਵੇਖਣੇ ਨੂੰ, ਆਏ ਦੇਸ ਪਰਦੇਸ ਨੂੰ ਚੀਰ ਮੀਆਂ
ਸਿਦਕ ਧਾਰ ਕੇ ਨਾਲ ਯਕੀਨ ਆਏ, ਅਸੀਂ ਚੇਲੜੇ ਤੇ ਤੁਸੀਂ ਪੀਰ ਮੀਆਂ
ਬਾਦਸ਼ਾਹ ਸੱਚਾ ਰੱਬ ਆਲਮਾਂ ਦਾ, ਫੱਕਰ ਓਸਦੇ ਹੈਣ ਵਜ਼ੀਰ ਮੀਆਂ

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਰੁਠੜੇ | : ਰੁੱਸਿਆ ਹੋਇਆ |
| ਢੂੰਡ | : ਖੋਜਣਾ, ਤਲਾਸ਼ |
| ਗਿਆਂ ਨੂੰ | : ਦੂਰ ਹੋਇਆਂ ਨੂੰ |
| ਚੰਮ | : ਚਮੜੀ |
| ਚਿਰੀਂ | : ਚਿਰਕਾਲ ਤੋਂ |
| ਜੀਊ | : ਜਾਮਾ, ਮਨ |
| ਸਦਕਾ | : ਬਲੀਦਾਨ,ਕੁਰਬਾਨ |
| ਵਿਛੁੰਨਿਆਂ | : ਵਿਛੜਿਆ ਹੋਇਆ, ਜੁਦਾ ਹੋਇਆ |
| ਵਲਾਂਵਦਾ | : ਬਹਾਨਾ, ਘੇਰਨਾ |
| ਬਾਜ਼ | : ਇਕ ਸ਼ਿਕਾਰੀ ਪੰਛੀ |
| ਕੂੰਜ | : ਲੰਮੀ ਗਰਦਨ ਵਾਲਾ ਪੰਛੀ |
| ਕੁਰਲਾਉਂਦਾ | : ਵਿਰਲਾਪ ਕਰਨਾ |
| ਘਿਉ | : ਘਿਉ |
| ਚੂਰੀਆਂ | : ਖੰਡ-ਘਿਉ ਮਿਲਾ ਕੇ ਕੁੱਟੀ ਹੋਈ ਰੋਟੀ |

## ਭਲਾ ਮੋਏ ਤੇ ਵਿਛੜੇ ਕੌਣ ਮੇਲੇ

ਹੀਰ ਆਖਦੀ ਜੋਗੀਆ ਝੂਠ ਆਖੇਂ, ਕੌਣ ਰੁੱਠੜੇ ਯਾਰ ਮਿਲਾਂਵਦਾ ਈ
ਏਹਾ ਕੋਈ ਨਾ ਮਿਲਿਆ ਮੈਂ ਭਾਲ ਥੱਕੀ, ਜਿਹੜਾ ਗਿਆਂ ਨੂੰ ਮੋੜ ਲਿਆਂਵਦਾ ਈ
ਸਾਡੇ ਚੰਮ ਦੀਆਂ ਜੁੱਤੀਆਂ ਕਰੇ ਜੋਗੀ, ਜਿਹੜਾ ਜੀਊ ਦਾ ਰੋਗ ਗਵਾਂਵਦਾ ਈ
ਭਲਾ ਦੱਸ ਖ਼ਾਂ ਚਿਰੀ ਵਿਛੁੰਨੀਆਂ ਨੂੰ, ਕਦੋਂ ਰੱਬ ਸੱਚਾ ਘਰੀਂ ਲਿਆਂਵਦਾ ਈ
ਭਲਾ ਮੋਏ ਤੇ ਵਿਛੜੇ ਕੌਣ ਮੇਲੇ, ਐਵੇਂ ਜੀਊੜਾ ਲੋਕ ਵਲਾਂਵਦਾ ਈ
ਇਕ ਬਾਜ਼ ਥੋਂ ਕਾਉਂ ਨੇ ਕੂੰਜ ਖੋਹੀ, ਵੇਖਾਂ ਚੁੱਪ ਹੈ ਕਿ ਕੁਰਲਾਂਵਦਾ ਈ
ਇਕ ਜੱਟ ਦੇ ਖੇਤ ਨੂੰ ਅੱਗ ਲੱਗੀ, ਵੇਖਾਂ ਆਇਕੇ ਕਦੋਂ ਬੁਝਾਂਵਦਾ ਈ
ਦਿਆਂ ਘਿਉ ਦੀਆਂ ਚੂਰੀਆਂ ਬਾਲ ਦੀਵੇ, ਵਾਰਿਸਸ਼ਾਹ ਜੇ ਸੁਣਾਂ ਮੈਂ ਆਂਵਦਾ ਈ

## ਟਿੱਪਣੀ

ਇਸ ਅੰਸ਼ ਵਿੱਚ ਹੀਰ ਵੱਲੋਂ ਜੋਗੀ ਨੂੰ ਸੰਬੋਧਨ ਕੀਤਾ ਗਿਆ ਹੈ। ਰਾਂਝਾ ਜੋਗੀ ਦਾ ਵੇਸ ਧਾਰ ਕੇ ਹੀਰ ਦੇ ਸੁਹਰੇ ਪਿੰਡ ਪਹੁੰਚ ਕੇ ਹੀਰ ਤੋਂ ਭੀਖ ਮੰਗਦਾ ਹੈ। ਇਸ ਦੇ ਬਦਲੇ ਉਹ ਸਾਂਈ ਵੱਲੋਂ ਉਸ ਦੀ ਆਸ ਪੂਰੀ ਹੋਣ ਦੀ ਅਸੀਸ ਵੀ ਦੇਂਦਾ ਹੈ। ਹੀਰ ਕਹਿੰਦੀ ਹੈ ਕਿ ਕੋਈ ਜਾ ਕੇ ਵਾਪਸ ਨਹੀਂ ਆਉਂਦਾ ਤੇ ਨਾ ਹੀ ਮਰ ਚੁੱਕੇ ਵਿਅਕਤੀ ਨੂੰ ਕੋਈ ਮੋੜ ਕੇ ਲਿਆ ਸਕਦਾ ਹੈ। ਜੇ ਕੋਈ ਅਜਿਹਾ ਕਰ ਦੇਵੇ ਤਾਂ ਉਹ (ਹੀਰ) ਆਪਣੀ ਚਮੜੀ ਦੀਆਂ ਜੁੱਤੀਆਂ ਵੀ ਬਣਾ ਕੇ ਪੇਸ਼ ਕਰਨ ਨੂੰ ਤਿਆਰ ਹੈ। ਵਿਛੜਿਆ ਨਾਲ ਮੁਲਾਕਾਤ ਸੰਭਵ ਨਹੀਂ। ਬੇਕਾਰ ਵਿੱਚ ਮਨ ਨੂੰ ਪਰਚਾਉਣਾ ਨਹੀਂ ਚਾਹੀਦਾ। ਜੇ ਕੋਈ ਅਜਿਹਾ ਕਰ ਵੀ ਦੇਂਦਾ ਹੈ ਤਾਂ ਉਹ ਘਿਉ ਦੀਆਂ ਚੂਰੀਆਂ ਕੁੱਟ ਕੇ ਉਸ ਨੂੰ ਖਿਲਾਏਗੀ ਤੇ ਦੀਵੇ ਬਾਲੇਗੀ।

## ਅਭਿਆਸ

**1. ਦੱਸੋ ਖਾਂ ਭਲਾ :**

(i) ਹੀਰ ਜੋਗੀ ਨੂੰ ਕੀ ਕਹਿ ਰਹੀ ਹੈ ?
(ii) ਕਿਸ ਦੀਆਂ ਜੁੱਤੀਆਂ ਬਣਾਉਣ ਦਾ ਜ਼ਿਕਰ ਆਇਆ ਹੈ ?
(iii) ਕਾਂ ਨੇ ਕੂੰਜ ਕਿਸ ਕੋਲੋਂ ਖੋਹੀ ਸੀ ?
(iv) ਕਿਸ ਦੇ ਖੇਤਾਂ ਨੂੰ ਅੱਗ ਲੱਗੀ ਹੋਈ ਹੈ ?

(v) ਇਸ ਕਿੱਸੇ ਦੇ ਕਿੱਸਾਕਾਰ ਕੌਣ ਹਨ ?

(vi) ਵਿਛੁੜੇ ਯਾਰ ਦੇ ਮਨਾਉਣ ਬਾਰੇ ਕੌਣ ਤੇ ਕਿਸ ਨਾਲ ਗੱਲ ਕਰ ਰਿਹਾ ਹੈ ?

(vii) ਜੀਅ ਦੇ ਰੋਗ ਗੁਆਉਣ ਵਾਲੇ ਨੂੰ ਕੀ ਦੇਣ ਦਾ ਐਲਾਨ ਕੀਤਾ ਗਿਆ ਹੈ ?

(viii) ਕੀ ਮਰੇ ਤੇ ਵਿਛੜੇ ਲੋਕਾਂ ਨੂੰ ਮਿਲਿਆ ਜਾ ਸਕਦਾ ਹੈ ? ਆਪਣੇ ਵਿਚਾਰ ਪੇਸ਼ ਕਰੋ।

(ix) ਹੀਰ ਆਪਣੇ ਪ੍ਰੀਤਮ ਦੇ ਆਉਣ ਦੀ ਖਬਰ ਸੁਣ ਕੇ ਕਿਸ ਪ੍ਰਕਾਰ ਦੀ ਤਿਆਰੀ ਕਰਨਾ ਚਾਹੁੰਦੀ ਹੈ ?

**2. ਹੇਠ ਲਿਖੀਆਂ ਕਾਵਿ-ਸਤਰਾਂ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :**

ਭਲਾ ਮੋਏ ਤੇ ਵਿਛੜੇ ਕੌਣ ਮੇਲੇ, ਐਵੇਂ ਜੀਊੜਾ ਲੋਕ ਵਲਾਂਵਦਾ ਈ
ਇਕ ਬਾਜ਼ ਥੋਂ ਕਾਉਂ ਨੇ ਕੂੰਜ ਖੋਹੀ, ਵੇਖਾਂ ਚੁੱਪ ਹੈ ਕਿ ਕੁਰਲਾਂਵਦਾ ਈ
ਇਕ ਜੱਟ ਦੇ ਖੇਤ ਨੂੰ ਅੱਗ ਲੱਗੀ, ਵੇਖਾਂ ਆਇਕੇ ਕਦੋਂ ਬੁਝਾਂਵਦਾ ਈ
ਦਿਆਂ ਘਿਉ ਦੀਆਂ ਚੂਰੀਆਂ ਬਾਲ ਦੀਵੇ, ਵਾਰਿਸਸ਼ਾਹ ਜੇ ਸੁਣਾਂ ਮੈਂ ਆਂਵਦਾ ਈ

(i) ਲੋਕ ਜੀਅ ਨੂੰ ਕਿਵੇਂ ਵਲਾਉਂਦੇ ਹਨ ?
(ii) ਜੱਟ ਦੇ ਖੇਤ ਦਾ ਕੀ ਹਾਲ ਹੋਇਆ ਹੈ ?
(iii) 'ਕੂੰਜ ਖੋਹੀ' ਦਾ ਭਾਵ ਸਪਸ਼ਟ ਕਰੋ।
(iv) ਕਿਹੜੀ ਚੀਜ਼ ਦੇ ਨਾ ਮਿਲਣ ਦੀ ਗੱਲ ਕੀਤੀ ਗਈ ਹੈ ?

**3. ਹੇਠ ਲਿਖੀਆਂ ਕਾਵਿ-ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

ਹੀਰ ਆਖਦੀ ਜੋਗੀਆ ਝੂਠ ਆਖੇਂ, ਕੌਣ ਰੁੱਠੜੇ ਯਾਰ ਮਿਲਾਂਵਦਾ ਈ
ਏਹਾ ਕੋਈ ਨਾ ਮਿਲਿਆ ਮੈਂ ਭਾਲ ਥੱਕੀ, ਜਿਹੜਾ ਗਿਆਂ ਨੂੰ ਮੋੜ ਲਿਆਂਵਦਾ ਈ
ਸਾਡੇ ਚੰਮ ਦੀਆਂ ਜੁੱਤੀਆਂ ਕਰੇ ਜੋਗੀ, ਜਿਹੜਾ ਜੀਊ ਦਾ ਰੋਗ ਗਵਾਂਵਦਾ ਈ
ਭਲਾ ਦੱਸ ਖ਼ਾਂ ਚਿਰੀਂ ਵਿਛੁੰਨੀਆਂ ਨੂੰ, ਕਦੋਂ ਰੱਬ ਸੱਚਾ ਘਰੀਂ ਲਿਆਂਵਦਾ ਈ

## ਆਉ ਕੁਝ ਹੋਰ ਕਰੀਏ

**ੳ. ਪਾਠ ਤੋਂ ਅਗੇ :**

(i) ਹੀਰ ਕਿਥੋਂ ਦੀ ਰਹਿਣ ਵਾਲੀ ਸੀ ? ਉਸ ਦੇ ਘਰ ਪਰਿਵਾਰ ਬਾਰੇ ਜਾਣਕਾਰੀ ਇਕੱਤਰ ਕਰੋ।

(ii) 'ਤ੍ਰਿਞਣ' ਭਾਵ ਚਰਖਾ ਕੱਤਣ ਬਾਰੇ ਇੱਕ ਪ੍ਰੋਜੈਕਟ ਤਿਆਰ ਕਰੋ।

(iii) ਆਪਣੇ ਪ੍ਰੇਮ ਵਿੱਚ ਕਾਮਯਾਬ ਨਾ ਹੋਣ ਵਾਲੇ ਕਿਸੇ ਹੋਰ ਪਾਤਰ ਬਾਰੇ ਜਾਣਕਾਰੀ ਇਕੱਠੀ ਕਰੋ। ਇਸ ਤਰ੍ਹਾਂ ਦੇ ਕਿੱਸੇ ਦੇ ਕਿੱਸਾਕਾਰ ਬਾਰੇ ਜਾਣਕਾਰੀ ਵੀ ਦਿਓ। 'ਹੀਰ' ਨਾਲ ਉਸ ਪਾਤਰ ਦੀ ਤੁਲਨਾ ਕਰੋ।

(iv) ਹੀਰ ਦਾ ਕਿੱਸਾ ਹੋਰ ਕਵੀਆਂ ਨੇ ਵੀ ਲਿਖਿਆ ਹੈ ? ਕਿਸੇ ਇੱਕ ਰਚਨਾ ਨੂੰ ਰੰਗੀਨ ਪੇਪਰ 'ਤੇ ਲਿਖ ਕੇ ਹੀਰ ਰਾਂਝੇ ਦੀ ਤਸਵੀਰ ਵੀ ਬਣਾਉ।

(v) ਕਿਸੇ ਹੋਰ ਕਿੱਸਾਕਾਰ ਦੀ 'ਹੀਰ' ਲਿਖੋ। ਵਾਰਿਸ ਦੀ ਹੀਰ ਵਿਚਲੀ ਸ਼ਬਦਾਵਲੀ ਦੇ ਨਾਲ ਉਸ ਦੀ ਤੁਲਨਾ ਕਰੋ।

**ੳ. ਪਾਠ ਦੇ ਆਧਾਰ 'ਤੇ ਠੀਕ ( ✔ ) ਜਾਂ ਗਲਤ ( ✖ ) ਦਾ ਨਿਸ਼ਾਨ ਬਣਾਉ :**

(i) ਹੀਰ ਨੂੰ ਸਮਝਾਉਣ ਵਾਸਤੇ ਕਾਜੀ ਨੂੰ ਬੁਲਾਇਆ ਜਾਂਦਾ ਹੈ। ☐

(ii) ਚੂਚਕ ਸਿਆਲ ਪੰਜਾਹ ਪਿੰਡਾਂ ਦੇ ਮਾਲਿਕ ਸਨ। ☐

(iii) ਦੁੱਧ ਤੋਂ ਬਿਨਾ ਵੀ ਖੀਰ ਬਣ ਸਕਦੀ ਹੈ। ☐

(iv) ਵਿਛੜੇ ਪ੍ਰੇਮੀ ਨੂੰ ਮਿਲਾਉਣ ਵਾਲੇ ਲਈ ਹੀਰ ਆਪਣੇ ਚੰਮ ਦੀ ਜੁੱਤੀ ਪੇਸ਼ ਕਰਨ ਲਈ ਵੀ ਤਿਆਰ ਹੈ। ☐

(v) ਕਾਂ ਤੋਂ ਬਾਜ ਨੇ ਕੁਕੜੀ ਖੋਹ ਲਈ। ☐

**ੲ. ਖਾਲੀ ਥਾਵਾਂ ਭਰੋ :**

| | |
|---|---|
| ਵਾਰਿਸ ਸ਼ਾਹ | ਜੋਗੀ |
| ਖੇੜਿਆਂ | |
| ਘਰ | ਭਾਗਭਰੀ |

(i) ਹੀਰ ਨੂੰ ... ਬੈਠਣ ਲਈ ਕਿਹਾ ਗਿਆ ਹੈ।

(ii) ਹੀਰ ਨੂੰ ਵਿਆਹੁਣ ਵਾਸਤੇ ਜੰਞ ... ਤੋਂ ਆ ਰਹੀ ਹੈ।

(iii) ਇਸ ਕਿੱਸੇ ਵਿਚ ... ਨੇ ਹੀਰ ਤੇ ਰਾਂਝੇ ਦੀ ਕਹਾਣੀ ਬਿਆਨ ਕੀਤੀ ਹੈ।

(iv) ਵਾਰਿਸ ਸ਼ਾਹ ਨੂੰ ... ਨਾਲ ਪਿਆਰ ਹੋ ਗਿਆ ਸੀ।

(v) ਟਿੱਲੇ ਜਾ ਕੇ ... ਦੇ ਸਾਹਮਣੇ ਹੱਥ ਜੋੜੇ ਗਏ।

**ਸ. ਜੋੜੇ ਬਣਾਉ :**

| | |
|---|---|
| ਹੀਰ | ਵਾਰਿਸ ਸ਼ਾਹ |
| ਸੈਦਾ | ਖੀਰ |
| ਮੀਆਂ | ਰਾਂਝਾ |
| ਦੁੱਧ | ਖੇੜਾ |

**ਹ. ਵਚਨ ਬਦਲੋ :**

(i) ਚਰਖਾ ...

(ii) ਚੇਲਾ ...

(iii) ਕੂੰਜ ...

(iv) ਪੀਰ ...

**ਕ. ਲਿੰਗ ਬਦਲੋ :**

(i) ਮਾਂ ...

(ii) ਤਾਈ ...

(iii) ਭੈਣ ...

(iv) ਚਾਚਾ ...

**ਖ. ਵਾਕ ਬਣਾਉ :**

(i) ਲਾਗੀ ... ... ... ...

(ii) ਬੇਲੇ ... ... ... ...

(iii) ਮੁਰਸ਼ਦ ... ... ... ...

(iv) ਸੀਰ ... ... ... ...



# ਅਬਲਾ ਦਾ ਬਲ

## ਚਰਨ ਸਿੰਘ ਸ਼ਹੀਦ



### ਸ਼ਖ਼ਸੀਅਤ ਤੇ ਰਚਨਾ

ਚਰਨ ਸਿੰਘ ਸ਼ਹੀਦ ਹਾਸ-ਵਿਅੰਗ ਲਿਖਣ ਵਾਲੇ ਇੱਕ ਪ੍ਰਸਿੱਧ ਕਵੀ ਸਨ। ਉਨ੍ਹਾਂ ਦਾ ਜਨਮ 1891 ਵਿੱਚ ਅੰਮ੍ਰਿਤਸਰ ਵਿਖੇ ਹੋਇਆ ਸੀ। ਆਪ ਨੇ ਕੁਝ ਸਮਾਂ 'ਖ਼ਾਲਸਾ ਸਮਾਚਾਰ' ਵਿੱਚ ਪਰੂਫ-ਰੀਡਰ ਅਤੇ ਅਨੁਵਾਦਕ ਦੀ ਨੌਕਰੀ ਕੀਤੀ। 1914 ਵਿੱਚ ਉਹ ਰਿਆਸਤ ਨਾਭਾ ਅਤੇ ਪਟਿਆਲਾ ਵਿੱਚ ਰੋਜ਼ਨਾਮਚਾ ਲਿਖਣ ਦਾ ਕੰਮ ਕਰਨ ਲੱਗੇ। ਉਨ੍ਹਾਂ ਦੀ ਯੋਗਤਾ ਨੂੰ ਵੇਖਦੇ ਹੋਏ ਉਨ੍ਹਾਂ ਨੂੰ ਪਟਿਆਲਾ ਰਿਆਸਤ ਦਾ ਰਾਜ ਕਵੀ ਥਾਪਿਆ ਗਿਆ। 1926 ਵਿੱਚ ਉਨ੍ਹਾਂ ਨੇ ਆਪਣਾ ਇੱਕ ਮਾਸਿਕ ਪੱਤਰ 'ਮੌਜੀ' ਜਾਰੀ ਕੀਤਾ। ਇਸ ਵਿੱਚ ਹਾਸ-ਵਿਅੰਗ ਦੀਆਂ ਕਵਿਤਾਵਾਂ 'ਸੁਥਰਾ' ਉਪਨਾਮ ਹੇਠ ਪ੍ਰਕਾਸ਼ਿਤ ਹੁੰਦੀਆਂ ਸਨ। ਬਾਅਦ ਵਿੱਚ ਇਹ ਕਵਿਤਾਵਾਂ 'ਬਾਦਸ਼ਾਹੀਆਂ', 'ਸ਼ਹਿਨਸ਼ਾਹੀਆਂ' ਅਤੇ 'ਬੇਪਰਵਾਹੀਆਂ' ਨਾਂ ਦੀਆਂ ਪੁਸਤਕਾਂ ਵਿੱਚ ਪ੍ਰਕਾਸ਼ਿਤ ਹੋਈਆਂ। ਚਰਨ ਸਿੰਘ ਸ਼ਹੀਦ ਦੀਆਂ ਕਵਿਤਾਵਾਂ ਵਿੱਚ ਸਮਾਜਿਕ ਕੁਰੀਤੀਆਂ ਅਤੇ ਬੁਰਾਈਆਂ ਨੂੰ ਬੜੇ ਵਿਅੰਗਾਤਮਕ ਢੰਗ ਦੁਆਰਾ ਪੇਸ਼ ਕੀਤਾ ਗਿਆ ਹੈ।

### ਅਬਲਾ ਦਾ ਬਲ

ਅਬਲਾ ਜੋ ਆਖਣ ਔਰਤ ਨੂੰ, ਉਹ ਸੋਚ ਜ਼ਰਾ ਨਾ ਕਰਦੇ ਨੇ।
ਤੀਵੀਂ ਦੀ ਤਾਕਤ ਅੱਗੇ ਤਾਂ, ਬ੍ਰਹਿਮੰਡ ਖੰਡ ਸਭ ਡਰਦੇ ਨੇ।
'ਕਾਦਰ' ਦੀ 'ਕੁਦਰਤ' ਤੀਵੀਂ ਹੈ ਜਿਸ ਦਾ ਸਭ ਵਿਸ਼ਵ ਪਸਾਰਾ ਹੈ।
'ਕੁਦਰਤ' ਅੱਗੇ ਹਿਮਾਲਾ ਭੀ ਇਕ ਜ਼ੱਰੇ ਵਾਂਗ ਵਿਚਾਰਾ ਹੈ।
ਇਸ 'ਕਾਇਨਾਤ' ਇਸ 'ਸ੍ਰਿਸ਼ਟੀ' ਤੇ ਇਸ 'ਪ੍ਰਿਥਵੀ' ਦੁਨੀਆਂ ਸਾਰੀ ਦੇ।
ਉਤਪਤੀ, ਮੌਤ ਤੇ ਪਰਲੈ, ਸਭ ਹਨ ਨਾਮ ਵੱਖੋ ਵੱਖ ਨਾਰੀ ਦੇ।

#### ਔਖੇ ਸ਼ਬਦਾਂ ਦੇ ਅਰਥ

ਅਬਲਾ : ਕਮਜ਼ੋਰ
ਤੀਵੀਂ : ਔਰਤ
ਕਾਦਰ : ਪਰਮਾਤਮਾ
ਕੁਦਰਤ : ਪਕ੍ਰਿਤੀ
ਜ਼ੱਰੇ : ਤਿਨਕੇ
ਪਰਲੈ : ਭੂਚਾਲ, ਆਫ਼ਤ

ਕਰਤੇ ਦੀ ਸ਼ਕਤੀ ਦਾ ਕਾਰਨ ਕੇਵਲ ਕੁਲ-ਹੁਕਮੀ ਮਾਇਆ ਹੈ।
ਮਾਨੋ ਇਸ ਮਾਇਆ ਔਰਤ ਦਾ ਫਰਮਾਨ ਜਗ ਤੇ ਛਾਇਆ ਹੈ।
ਰੂਹ, ਦੇਹ, ਜਾਨ ਤੇ ਖੁਸ਼ੀ, ਗਮੀ ਦੌਲਤ ਤੇ ਸ਼ਾਹੀ ਤੀਵੀਂ ਹੈ।
ਤੀਵੀਂ ਅਤਿ ਉੱਚੀ ਮੁਕਤੀ ਹੈ ਤੀਵੀਂ ਚੌਰਾਸੀ, ਨੀਵੀਂ ਹੈ।
ਤਲਵਾਰ ਕਲਮ ਦੋ ਚੀਜ਼ਾਂ ਹਨ ਹੇਠ ਹਕੂਮਤ ਰਾਜ ਸਭੀ।
ਅਰਥਾਤ ਨਾਰ ਦੇ ਕਦਮਾਂ ਵਿੱਚ ਰੁਲਦੇ ਸੰਸਾਰਕ ਤਾਜ ਸਭੀ।
ਤਕਦੀਰ, ਤਪੱਸਿਆ, ਹਮਦਰਦੀ ਦਾ ਨਿੱਤ ਪਾਠ ਪੜ੍ਹਾਂਦੇ ਨੇ।
ਸੰਧਿਆ ਗਾਇਤਰੀ ਤੇ ਬਾਣੀ ਗੁਣ, ਇਸਤਰੀ ਲਿੰਗ ਕਹਾਂਦੇ ਨੇ।
ਇਸ ਸ਼ਕਤੀ ਵਾਲੀ ਨਾਰੀ ਜਿ ਇਨਸਾਨ ਰੂਪ ਵਿੱਚ ਆ ਜਾਵੇ।
ਹਰ ਕੋਈ ਉਸ ਨੂੰ ਅਬਲਾ ਕਹਿ ਬੋਲੀ ਦੀ ਗੋਲੀ ਲਾ ਜਾਵੇ।
ਹਾਲਾਂਕਿ 'ਅਬਲਾ' ਦੇ ਹੱਥ ਹੀ ਸਭ ਮੁਲਕਾਂ ਸੰਗੀਆਂ ਵਾਗਾਂ ਨੇ।
ਅਬਲਾ ਦੇ ਜਾਗਣ ਨਾਲੇ ਹੀ ਕੌਮਾਂ ਨੂੰ ਆਈਆਂ ਜਾਗਾਂ ਨੇ।
ਅਬਲਾ ਹਰ ਘਰ ਦੀ ਰਾਣੀ ਹੈ ਅਬਲਾ ਪੈਦਾ ਬਲਵਾਨ ਕਰੇ।
ਅਬਲਾ ਜਿ ਕਹੇ ਤਾਂ ਘਰ ਸੁਧਰੇ ਅਬਲਾ ਜਿ ਚਹੇ ਵੀਰਾਨ ਕਰੇ।
ਅਬਲਾ ਜਿ ਗਿਰਾਏ ਪਾਤਾਲ ਸੁਟੇ ਅਬਲਾ ਜਿ ਉਠਾਏ ਤਾਂ ਮੁਕਤਿ ਮਿਲੇ।
ਅਬਲਾ ਤੋਂ ਬਲ, ਧੀਰਜ, ਸ਼ਕਤੀ, ਦ੍ਰਿੜ੍ਹਤਾ, ਸ਼ਾਂਤੀ ਤੇ ਯੁਕਤੀ ਮਿਲੇ।
ਇਸ ਸੁੰਦਰ ਨਾਜ਼ਕ ਨਾਰੀ ਨੂੰ, ਨ ਕਹੋ ਅਬਲਾ, ਨ ਕਹੋ ਅਬਲਾ।
ਇਸ ਦੇ ਬਲ ਦਾ ਨਹੀਂ ਅੰਤ ਕੋਈ ਹੈ ਬੜੀ ਬਲਵਾਨ ਬੜੀ ਸਬਲਾ।
ਸਤ ਰੱਖਿਆ ਜਾਂ ਉਪਕਾਰ ਲਈ ਜਦ ਅਬਲਾ ਬਲ ਦਿਖਲਾਂਦੀ ਹੈ।
ਤਾਂ ਉਸ ਦਾ ਮਹਾਂ ਜਲਾਲ ਦੇਖ ਸਭ ਕਾਇਨਾਤ ਥੱਰਾਂਦੀ ਹੈ।
ਜੇ ਤੀਰ ਚਲਾਏ ਨੈਣਾਂ ਦੇ, ਤਾਂ ਘਾਇਲ ਮਰਦ ਹਜ਼ਾਰ ਕਰੇ।
ਜੇ ਸੁਥਰੇ ਦਿਲ ਵਿਚ ਜੋਸ਼ ਭਰੇ ਤਾਂ ਚਰਨ ਤਲੇ ਸੰਸਾਰ ਕਰੇ।

## ਟਿੱਪਣੀ

ਕਵੀ ਨੇ ਇਸ ਰਚਨਾ ਵਿੱਚ ਔਰਤ ਦੇ ਗੁਣ ਅਤੇ ਸ਼ਕਤੀ ਬਾਰੇ ਦੱਸਿਆ ਹੈ ਕਿ ਮਨੁੱਖ ਔਰਤ ਨੂੰ ਕਮਜ਼ੋਰ ਕਹਿੰਦੇ ਹੋਏ ਜ਼ਰਾ ਵੀ ਨਹੀਂ ਸੋਚਦੇ। ਜਦ ਕਿ ਔਰਤ ਦੀ ਤਾਕਤ ਅੱਗੇ ਤਾਂ ਸਮੁੱਚਾ ਬ੍ਰਹਿਮੰਡ ਭਾਵ ਦੁਨੀਆਂ ਸਿਰ ਝੁਕਾ ਦਿੰਦੀ ਹੈ। ਕੁਦਰਤ ਦੀ ਸਭ ਤੋਂ ਸੋਹਣੀ ਰਚਨਾ ਔਰਤ ਹੈ ਜਿਸ ਦਾ ਸਮੁੱਚੀ ਦੁਨੀਆਂ ਅੰਦਰ ਪਸਾਰਾ ਹੈ। ਜਿਸ ਤਰ੍ਹਾਂ ਪਕ੍ਰਿਤੀ ਦੇ ਸਾਹਮਣੇ ਹਿਮਾਲਾ ਪਰਬਤ ਵੀ ਇੱਕ ਤਿਣਕੇ ਦੀ ਤਰ੍ਹਾਂ ਲੱਗਦਾ ਹੈ ਉਸੇ ਤਰ੍ਹਾਂ ਹੀ ਇਸ ਦੁਨੀਆਂ ਵਿੱਚ ਪ੍ਰਿਥਵੀ 'ਤੇ ਜਨਮ, ਮੌਤ ਤੇ ਭੁਚਾਲ ਲਿਆਉਣ ਵਾਲੀ ਔਰਤ ਹੀ ਹੈ। ਭਾਵੇਂ ਇਸ ਨੂੰ ਕਿਸੇ ਵੀ ਨਾਂ ਨਾਲ ਸੰਬੋਧਨ ਕਰ ਲਵੋ। ਜਦੋਂ ਕਿ ਪਰਮਾਤਮਾ ਦੀ ਸਾਰੀ ਸ਼ਕਤੀ ਪਦਾਰਥਾਂ ਦੇ ਰੂਪ ਵਿੱਚ ਫੈਲੀ ਹੋਈ ਹੈ ਲੇਕਿਨ ਉਸੇ ਮਾਇਆ ਦਾ ਰੂਪ ਔਰਤ ਨੂੰ ਹੀ ਦਿੱਤਾ ਗਿਆ ਹੈ। ਸਾਰੇ ਸੁੱਖਾਂ, ਗਮਾਂ ਤੇ ਖ਼ੁਸ਼ੀਆਂ ਦੀ ਜ਼ਿੰਮੇਵਾਰ ਇਸਤਰੀ ਹੀ ਹੈ। ਤਲਵਾਰ ਤੇ ਕਲਮ ਭਾਵ ਸ਼ਕਤੀ ਤੇ ਕਾਨੂੰਨ ਸਾਰੇ ਸਰਕਾਰ ਦੇ ਹੇਠਾਂ ਹਨ, ਲੇਕਿਨ ਇਹ

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਕਰਤੇ | :ਰੱਬ |
| ਜਗ | :ਦੁਨੀਆਂ |
| ਰੂਹ | :ਆਤਮਾ |
| ਚੌਰਾਸੀ | :ਜੂਨਾਂ ਵਿੱਚ ਪਾਉਣ ਵਾਲੀ |
| ਹਕੂਮਤ | :ਰਾਜ |
| ਰੁਲਦੇ | :ਖਿਲਰਦੇ |
| ਤਕਦੀਰ | :ਕਿਸਮਤ |
| ਸੰਧਿਆ | :ਸ਼ਾਮ |
| ਬੋਲੀ | :ਤਾਹਨਾ |
| ਮੁਲਕਾਂ | :ਦੇਸ਼ਾਂ |
| ਜਾਗਾਂ | :ਜਾਗਰੂਕਤਾ |
| ਰਾਣੀ | :ਰਾਜ ਕਰਨ ਵਾਲੀ |
| ਵੀਰਾਨ | :ਬਰਬਾਦ |
| ਪਾਤਾਲ | :ਧਰਤੀ ਦਾ ਹੇਠਲਾ ਪਾਸਾ |
| ਨਾਜ਼ਕ | :ਨਰਮ |
| ਸਬਲਾ | :ਬਹਾਦਰ |
| ਸਤ ਰੱਖਿਆ | :ਇੱਜ਼ਤ |
| ਮਹਾਂ ਜਲਾਲ | :ਗੁੱਸਾ |
| ਕਾਇਨਾਤ | :ਦੁਨੀਆ |
| ਚਰਨ ਤਲੇ | :ਪੈਰਾਂ ਥੱਲੇ |



ਸਭ ਵੀ ਇਸਤਰੀ ਦੇ ਪੈਰਾਂ ਵਿੱਚ ਰੁਲਦੇ ਹਨ। ਗਿਆਨੀ ਲੋਕ ਸਾਨੂੰ ਕਿਸਮਤ, ਭਗਤੀ ਦਾ ਪਾਠ ਪੜ੍ਹਾਉਂਦੇ ਹਨ। ਸਵੇਰੇ ਸ਼ਾਮ ਰੱਬ ਨੂੰ ਯਾਦ ਕਰਨ ਲਈ ਕਹਿੰਦੇ ਹਨ। ਦੂਜੇ ਪਾਸੇ ਇਹੋ ਸ਼ਕਤੀ ਜੇਕਰ ਨਾਰੀ ਦੇ ਰੂਪ ਵਿੱਚ ਸਾਡੇ ਸਾਹਮਣੇ ਆ ਜਾਵੇ ਤਾਂ ਅਸੀਂ ਪਛਾਣ ਨਹੀਂ ਸਕਦੇ। ਉਸ ਨੂੰ ਤਾਹਨਾਂ ਮਾਰਨ ਤੱਕ ਚਲੇ ਜਾਂਦੇ ਹਾਂ। ਜਦ ਕਿ ਸਾਰੇ ਦੇਸਾਂ ਵਿੱਚ ਅੱਜ ਔਰਤਾਂ ਦੇ ਹੱਥ ਹੀ ਵਾਗਡੋਰ ਨਜ਼ਰ ਆਉਂਦੀ ਹੈ। ਇਸ ਜਾਗਰੂਕਤਾ ਨਾਲ ਹੀ ਸਾਰੀ ਦੁਨੀਆਂ ਵਿੱਚ ਚੇਤੰਨਤਾ ਆਉਂਦੀ ਹੈ। ਇਹ ਘਰ ਵਿੱਚ ਰਾਜ ਕਰਨ ਵਾਲੀ ਹੈ ਜੋ ਕਿ ਭਲਵਾਨਾਂ ਨੂੰ ਜਨਮ ਦਿੰਦੀ ਹੈ। ਇਸ ਦੇ ਕਹਿਣ 'ਤੇ ਘਰ ਸੁਧਰ ਵੀ ਜਾਂਦੇ ਹਨ ਤੇ ਵਿਗੜ ਵੀ ਜਾਂਦੇ ਹਨ। ਜੇ ਮਨੁੱਖ ਨੂੰ ਗਿਰਾਉਣ ਵਿੱਚ ਆ ਜਾਵੇ ਤਾਂ ਪਤਾਲ ਵਿੱਚ ਲਿਆ ਸੁੱਟਦੀ ਹੈ ਤੇ ਇਹੋ ਹੀ ਮਨੁੱਖ ਦੀ ਮੁਕਤੀ ਦਾ ਕਾਰਨ ਬਣਦੀ ਹੈ। ਇਸ ਨੂੰ ਕਮਜੋਰ ਕਹਿ ਕੇ ਨਾ ਪੁਕਾਰੋ। ਇਸ ਦੀ ਤਾਕਤ ਦਾ ਕੋਈ ਅੰਤ ਨਹੀਂ ਹੈ ਇਹ ਬਹੁਤ ਹੀ ਸ਼ਕਤੀਸ਼ਾਲੀ ਹੈ। ਆਪਣੀ ਇੱਜ਼ਤ ਦੀ ਖਾਤਰ ਜਦੋਂ ਤਾਕਤ ਦਿਖਾਉਂਦੀ ਹੈ ਤਾਂ ਸਾਰੇ ਹਿੱਲ ਜਾਂਦੇ ਹਨ। ਇਸ ਦਾ ਦਬਦਬਾ ਤੇ ਗੁੱਸਾ ਵੇਖ ਕੇ ਸਾਰੀ ਕਾਇਨਾਤ ਵੀ ਡੋਲ ਜਾਂਦੀ ਹੈ। ਜੇਕਰ ਇਹ ਕਮਜ਼ੋਰ ਦਿਲ ਵਿੱਚ ਜੋਸ਼ ਪੈਦਾ ਕਰ ਦੇਵੇ ਤਾਂ ਉਹ ਸਾਰਾ ਸੰਸਾਰ ਆਪਣੇ ਪੈਰਾਂ ਹੇਠਾਂ ਕਰ ਲਵੇ।

## ਅਭਿਆਸ

**1. ਦੱਸੋ ਖਾਂ ਭਲਾ :**

(i) ਇਸਤਰੀ ਦੀ ਤਾਕਤ ਤੋਂ ਕੌਣ ਡਰਦੇ ਹਨ ?

(ii) 'ਕਾਦਰ ਦੀ ਕੁਦਰਤ' ਕੌਣ ਹੈ ?

(iii) ਉਤਪਤੀ, ਮੌਤ ਅਤੇ ਪਰਲੈ ਕਿਸ ਦਾ ਪ੍ਰਤੀਕ ਮੰਨੇ ਗਏ ਹਨ ?

(iv) ਹਕੂਮਤਾਂ ਕਿਸ ਦੇ ਸਿਰ 'ਤੇ ਰਾਜ ਕਰਦੀਆਂ ਹਨ ?

(v) ਮੁਲਕਾਂ ਦੀਆਂ ਵਾਗਾਂ ਕਿਸ ਦੇ ਹੱਥ ਵਿੱਚ ਹਨ ?

(vi) ਇੱਜ਼ਤ ਤੇ ਉਪਕਾਰ ਦੇ ਲਈ ਜਦੋਂ ਔਰਤ ਸਾਹਮਣੇ ਆਉਂਦੀ ਹੈ ਤਾਂ ਫਿਰ ਕੀ ਵਾਪਰਦਾ ਹੈ ?

(vii) ਤੀਵੀਂ ਦੇ 'ਮਹਾਂ ਜਲਾਲ' ਨੂੰ ਵੇਖ ਕੇ ਕੌਣ ਥਰਥਰਾਉਂਦਾ ਹੈ ?

(viii) ਔਰਤ ਤੋਂ ਸਾਨੂੰ ਕਿਹੜੇ-ਕਿਹੜੇ ਗੁਣ ਹਾਸਲ ਹੁੰਦੇ ਹਨ ?

(ix) ਕਵਿਤਾ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ।

**2. ਹੇਠ ਲਿਖੀਆਂ ਕਾਵਿ-ਸਤਰਾਂ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :**

ਅਬਲਾ ਜੋ ਆਖਣ ਔਰਤ ਨੂੰ, ਉਹ ਸੋਚ ਜ਼ਰਾ ਨਾ ਕਰਦੇ ਨੇ।
ਤੀਵੀਂ ਦੀ ਤਾਕਤ ਅੱਗੇ ਤਾਂ, ਬ੍ਰਹਿਮੰਡ ਖੰਡ ਸਭ ਡਰਦੇ ਨੇ।
'ਕਾਦਰ' ਦੀ 'ਕੁਦਰਤ' ਤੀਵੀਂ ਹੈ ਜਿਸ ਦਾ ਸਭ ਵਿਸ਼ਵ ਪਸਾਰਾ ਹੈ।
'ਕੁਦਰਤ' ਅੱਗੇ ਹਿਮਾਲਾ ਭੀ ਇਕ ਜ਼ੱਰੇ ਵਾਂਗ ਵਿਚਾਰਾ ਹੈ।
ਇਸ 'ਕਾਇਨਾਤ' ਇਸ 'ਸਿਸ਼ਟੀ' ਤੇ ਇਸ 'ਪ੍ਰਿਥਵੀ' ਦੁਨੀਆਂ ਸਾਰੀ ਦੇ।
ਉਤਪਤੀ, ਮੌਤ ਤੇ ਪਰਲੈ, ਸਭ ਹਨ ਨਾਮ ਵੱਖੋ ਵੱਖ ਨਾਰੀ ਦੇ।

(i) ਉਪਰੋਕਤ ਕਾਵਿ-ਸਤਰਾਂ ਵਿੱਚ 'ਅਬਲਾ' ਕਹਿ ਕੇ ਕਿਸ ਨੂੰ ਸੰਬੋਧਨ ਕੀਤਾ ਗਿਆ ਹੈ ?

(ii) ਬ੍ਰਹਿਮੰਡ, ਖੰਡ ਕਿਸ ਤੋਂ ਡਰਦੇ ਹਨ ?

(iii) ਇਨ੍ਹਾਂ ਕਾਵਿ-ਸਤਰਾਂ ਦੀ ਰਚਨਾ ਅਤੇ ਰਚਨਾਕਾਰ ਦਾ ਨਾਂ ਲਿਖੋ ?

(iv) 'ਕਾਦਰ' ਅਤੇ 'ਕੁਦਰਤ' ਸ਼ਬਦਾਂ ਦੇ ਅਰਥ ਸਪਸ਼ਟ ਕਰੋ।

**3. ਹੇਠ ਲਿਖੀਆਂ ਕਾਵਿ-ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

ਹਾਲਾਂਕਿ 'ਅਬਲਾ' ਦੇ ਹੱਥ ਹੀ ਸਭ ਮੁਲਕਾਂ ਸੰਗੀਆਂ ਵਾਗਾਂ ਨੇ।
ਅਬਲਾ ਦੇ ਜਾਗਣ ਨਾਲੇ ਹੀ ਕੌਮਾਂ ਨੂੰ ਆਈਆਂ ਜਾਗਾਂ ਨੇ।
ਅਬਲਾ ਹਰ ਘਰ ਦੀ ਰਾਣੀ ਹੈ ਅਬਲਾ ਪੈਦਾ ਬਲਵਾਨ ਕਰੇ।
ਅਬਲਾ ਜਿ ਕਹੇ ਤਾਂ ਘਰ ਸੁਧਰੇ ਅਬਲਾ ਜਿ ਚਹੇ ਵੀਰਾਨ ਕਰੇ।
ਅਬਲਾ ਜਿ ਗਿਰਾਏ ਪਾਤਾਲ ਸੁਟੇ ਅਬਲਾ ਜਿ ਉਠਾਏ ਤਾਂ ਮੁਕਤਿ ਮਿਲੇ।
ਅਬਲਾ ਤੋਂ ਬਲ, ਧੀਰਜ, ਸ਼ਕਤੀ, ਦ੍ਰਿੜ੍ਹਤਾ, ਸ਼ਾਂਤੀ ਤੇ ਯੁਕਤੀ ਮਿਲੇ।

## ਆਉ ਕੁਝ ਹੋਰ ਕਰੀਏ

### ੳ. ਪਾਠ ਤੋਂ ਅੱਗੇ

(i) ਔਰਤ ਨੂੰ ਗੁਣਾਂ ਦਾ ਮੁਜੱਸਮਾ ਕਹਿ ਕੇ ਸੰਬੋਧਨ ਕੀਤਾ ਜਾਂਦਾ ਹੈ। ਅਨੇਕਾਂ ਗੁਣਾਂ ਦੀ ਧਾਰਨੀ ਤੇ ਮਨੁੱਖ ਦੀ ਜਨਮ ਦਾਤੀ ਕਹਿ ਕੇ ਸਤਿਕਾਰਿਆ ਜਾਂਦਾ ਹੈ। ਔਰਤ ਦੇ ਇਨ੍ਹਾਂ ਗੁਣਾਂ ਨੂੰ ਵੇਖਦੇ ਹੋਏ 'ਮਾਂ' ਬਾਰੇ 'ਪ੍ਰੋਜੈਕਟ' ਤਿਆਰ ਕਰੋ।

(ii) ਕੀ ਤੁਸੀਂ ਕਿਸੇ ਬਹਾਦਰ ਤੇ ਨਿਡਰ ਔਰਤ ਨੂੰ ਜਾਣਦੇ ਹੋ। ਜੇਕਰ ਹਾਂ ਤਾਂ ਉਸ ਦੇ ਗੁਣਾਂ ਉੱਪਰ ਰੌਸ਼ਨੀ ਪਾਉਂਦੇ ਹੋਏ ਇੱਕ ਕਵਿਤਾ ਦੀ ਰਚਨਾ ਕਰੋ।

(iii) ਭਾਰਤ ਵਿੱਚ ਵੱਖੋ-ਵੱਖਰੇ ਖੇਤਰਾਂ ਵਿਚ ਨਾਮਣਾ ਖੱਟਣ ਵਾਲੀਆਂ ਔਰਤਾਂ ਬਾਰੇ ਜਾਣਕਾਰੀ ਇਕੱਤਰ ਕਰਕੇ ਉਨ੍ਹਾਂ ਦੀ ਤਸਵੀਰਾਂ ਸਮੇਤ ਇਕ ਚਾਰਟ ਤਿਆਰ ਕਰੋ।

(iv) ਕੀ ਤੁਸੀਂ ਸਮਝਦੇ ਹੋ ਕਿ ਔਰਤ ਨੂੰ ਪੂਰੇ ਅਧਿਕਾਰ ਮਿਲ ਚੁੱਕੇ ਹਨ ? ਇੱਕ ਜਾਣਕਾਰੀ ਭਰਪੂਰ ਲੇਖ ਲਿਖਣ ਦੀ ਕੋਸ਼ਿਸ਼ ਕਰੋ।

(v) ਗਿਆਨ-ਵਿਗਿਆਨ ਤੇ ਲੋਕਤੰਤਰ ਦੇ ਯੁਗ ਵਿੱਚ ਪਹੁੰਚ ਕੇ ਵੀ ਔਰਤ ਨਾਲ ਅਨਿਆਂ ਜਾਰੀ ਹੈ। ਕੀ ਤੁਸੀਂ ਇਸ ਮੱਤ ਨਾਲ ਸਹਿਮਤ ਹੋ ? ਤੱਥਾਂ ਦੇ ਆਧਾਰ 'ਤੇ ਆਪਣਾ ਦ੍ਰਿਸ਼ਟੀਕੋਣ ਪ੍ਰਸਤੁਤ ਕਰੋ।

### ਅ. ਪਾਠ ਦੇ ਆਧਾਰ 'ਤੇ ਠੀਕ ( ✔ ) ਜਾਂ ਗ਼ਲਤ ( ✖ ) ਦਾ ਨਿਸ਼ਾਨ ਬਣਾਉ :

(i) ਔਰਤ ਅੱਗੇ ਸਾਰੀ ਦੁਨੀਆਂ ਸਿਰ ਝੁਕਾਉਂਦੀ ਹੈ। ☐

(ii) ਪ੍ਰਿਥਵੀ ਦੇ ਸਾਹਮਣੇ ਪਰਬਤ ਬਹੁਤ ਵੱਡਾ ਲਗਦਾ ਹੈ। ☐

(iii) ਸਾਰੇ ਸੁਖ, ਦੁਖ ਤੇ ਖੁਸ਼ੀਆਂ ਔਰਤ ਕਾਰਨ ਹਨ। ☐

(iv) ਔਰਤ ਆਦਮੀ ਦਾ ਕੁਝ ਵੀ ਨਹੀਂ ਵਿਗਾੜ ਸਕਦੀ। ☐

(v) ਔਰਤ ਦੇ ਗੁੱਸੇ ਤੋਂ ਕੁਲ ਕਾਇਨਾਤ ਵੀ ਡਰ ਜਾਂਦੀ ਹੈ। ☐

**ੲ. ਖਾਲੀ ਥਾਵਾਂ ਭਰੋ :**

| | |
|---|---|
| ਮਾਇਆ | ਸੰਸਾਰ |
| ਭਲਵਾਨਾ | |
| ਪ੍ਰਤੀਕ | ਮੁਕਤੀ |

(i) ਉਤਪਤੀ, ਮੌਤ ਤੇ ਪਰਲੈ ਔਰਤ ਦੇ ... ਮੰਨੇ ਜਾਂਦੇ ਹਨ।

(ii) ਪਰਮਾਤਮਾ ਦੀ ਸਾਰੀ ... ਦਾ ਰੂਪ ਔਰਤ ਨੂੰ ਹੀ ਦਿੱਤਾ ਗਿਆ ਹੈ।

(iii) ਔਰਤ ਸਾਰੇ ... ਨੂੰ ਵੀ ਆਪਣੇ ਪੈਰਾਂ ਹੇਠ ਕਰ ਸਕਦੀ ਹੈ।

(iv) ਸ਼ਕਤੀ ਦੀ ਪ੍ਰਤੀਕ ਔਰਤ ... ਨੂੰ ਵੀ ਜਨਮ ਦਿੰਦੀ ਹੈ।

(v) ਮਨੁੱਖ ਦੀ ... ਦਾ ਕਾਰਨ ਵੀ ਔਰਤ ਹੀ ਬਣਦੀ ਹੈ।

**ਸ. ਵਿਰੋਧੀ ਸ਼ਬਦ ਬਣਾਉ :**

(i) ਅਬਲਾ ...

(ii) ਵੀਰਾਨ ...

(iii) ਨਾਜ਼ੁਕ ...

(iv) ਪਾਤਾਲ ...

**ਹ. ਲਿੰਗ ਬਦਲੋ :**

(i) ਨਰ ...

(ii) ਰਾਜਾ ...

(iii) ਮਾਤਾ ...

(iv) ਭੂਆ ...

**ਕ. ਔਰਤ ਨੂੰ ਇਸਤਰੀ ਵੀ ਆਖਦੇ ਹਨ। ਇਸ ਨੂੰ ਹੋਰ ਕਿਹੜੇ-ਕਿਹੜੇ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ :**

... ... ...

**ਖ. ਵਾਕ ਬਣਾਉ :**

(i) ਕੁਦਰਤ ... ... .... ....

(ii) ਬ੍ਰਹਿਮੰਡ ... ... .... ....

(iii) ਬੋਲੀ ... ... .... ....

(iv) ਤਕਦੀਰ ... ... .... ....

# ਕਵਿਤਾ

## ਪ੍ਰੋ. ਮੋਹਨ ਸਿੰਘ

### ਸ਼ਖ਼ਸੀਅਤ ਤੇ ਰਚਨਾ



ਪ੍ਰੋ. ਮੋਹਨ ਸਿੰਘ ਦਾ ਜਨਮ 1905 ਵਿੱਚ ਹੋਤੀ ਮਰਦਾਨ (ਪਾਕਿਸਤਾਨ), ਪਿੰਡ ਧਮਿਆਲ, ਨੇੜੇ ਰਾਵਲਪਿੰਡੀ (ਹੁਣ ਪਾਕਿਸਤਾਨ ਵਿੱਚ) ਵਿਖੇ ਹੋਇਆ। ਉਨ੍ਹਾਂ ਨੇ ਐੱਮ.ਏ. ਫ਼ਾਰਸੀ, ਐੱਮ.ਓ.ਐੱਲ. ਦੀ ਵਿਦਿਆ ਹਾਸਲ ਕੀਤੀ।

ਪ੍ਰੋ. ਮੋਹਨ ਸਿੰਘ ਆਧੁਨਿਕ ਪੰਜਾਬੀ ਕਵਿਤਾ ਦੇ ਰੁਮਾਂਟਿਕ ਪ੍ਰਗਤੀਵਾਦੀ ਕਵੀ ਹਨ। ਉਨ੍ਹਾਂ ਅਨੁਸਾਰ ਉਨ੍ਹਾਂ ਦੀ ਕਲਮ ਦਾ ਸਫ਼ਰ 1921-22 ਵਿੱਚ ਸ਼ੁਰੂ ਹੋਇਆ ਜਦੋਂ ਅੰਗਰੇਜ਼-ਵਿਰੋਧੀ ਅੰਦੋਲਨ ਆਪਣੀ ਸਿਖ਼ਰ ਉੱਤੇ ਸੀ। ਉਨ੍ਹਾਂ ਨੇ ਕਵਿਤਾਵਾਂ ਲਿਖਣ ਦੇ ਨਾਲ-ਨਾਲ ਕਈ ਅਨੁਵਾਦ ਵੀ ਕੀਤੇ। ਪ੍ਰੋ. ਮੋਹਨ ਸਿੰਘ ਨੇ ਮਹਾਂਕਾਵਿ 'ਨਨਕਾਇਣ' ਦੀ ਰਚਨਾ ਕੀਤੀ, ਜਿਸ ਲਈ ਉਨ੍ਹਾਂ ਨੂੰ ਪੰਜਾਬੀ ਯੂਨੀਵਰਸਿਟੀ ਵਲੋਂ 1972 ਵਿੱਚ ਸਨਮਾਨਿਤ ਕੀਤਾ ਗਿਆ। ਉਨ੍ਹਾਂ ਦੇ ਕਾਵਿ-ਸੰਗ੍ਰਹਿ ਹਨ—'ਸਾਵੇ ਪੱਤਰ', 'ਕਸੁੰਭੜਾ', 'ਅਧਵਾਟੇ', 'ਵੱਡਾ ਵੇਲਾ', 'ਜਿੰਦਰੇ' ਆਦਿ। ਆਪ ਨੇ ਸਾਹਿਤਕ ਪੱਤਰ 'ਪੰਜ ਦਰਿਆ' ਦਾ ਸੰਪਾਦਨ ਕਰਕੇ ਨਵੇਂ ਉਭਰਦੇ ਲੇਖਕਾਂ ਨੂੰ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਪ੍ਰੋ. ਮੋਹਨ ਸਿੰਘ ਨੂੰ ਸਾਹਿਤ ਅਕਾਦਮੀ ਪੁਰਸਕਾਰ (1959) ਅਤੇ ਸੋਵੀਅਤ ਲੈਂਡ ਨਹਿਰੂ ਪੁਰਸਕਾਰ (1968) ਨਾਲ ਸਨਮਾਨਿਤ ਕੀਤਾ ਗਿਆ।

## ਔਖੇ ਸ਼ਬਦਾਂ ਦੇ ਅਰਥ

ਵਾਗਾਂ :ਘੋੜੇ ਦੀ ਲਗਾਮ
ਭੀੜ ਭਾਰੀ :ਵੱਡੀ ਮੁਸ਼ਕਲ
ਆਬ : ਸ਼ਾਨ
ਫੂਕਣੀ : ਗਰਕ ਕਰ ਦੇਣੀ / ਖ਼ਤਮ ਕਰ ਦੇਣੀ
ਨਦੀਆਂ : ਹੰਝੂਆਂ ਭਰੀਆਂ ਅੱਖਾਂ
ਫੂਹੀ ਫੂਹੀ : ਥੋੜ੍ਹੀ-ਥੋੜ੍ਹੀ ਰੋਟੀ
ਦੁੱਧਾਂ ਛੁਹਾਰਿਆਂ : ਐਸ਼ੋ-ਆਰਾਮ
ਖ਼ਾਕ : ਮਿੱਟੀ
ਪੱਛੀ ਲਾਵਾਂ : ਅੱਗ ਲਾਵਾਂ
ਡਗਾ ਨਗਾਰਿਆਂ : ਜੰਗ ਦਾ ਐਲਾਨ
ਚੁੱਕ ਲਏ ਕੰਨ ਦੋਵੇਂ : ਚੇਤੰਨ ਹੋ ਗਏ
ਡੌਲੇ ਫਰਕਦੇ : ਜੰਗ ਦੇ ਮੈਦਾਨ ਵਿੱਚ ਜਾਣ ਲਈ ਉਤਾਵਲੇ
ਤਲੀ 'ਤੇ ਜਾਨ ਧਰਕੇ : ਕੁਰਬਾਨ ਹੋਣ ਦੀ ਭਾਵਨਾ
ਤਲਵਾਰਾਂ ਦੀ ਛਾਂ : ਤਲਵਾਰਾਂ ਨਾਲ ਭਿਆਨਕ ਖ਼ੂਨ ਦੀ ਜੰਗ
ਲਾ ਮਹਿੰਦੀ : ਸ਼ਹੀਦੀ ਬਾਣਾ/ ਕੁਰਬਾਨੀ ਦੀ ਭਾਵਨਾ
ਰੰਗ : ਮੌਜ/ਖ਼ੁਸ਼ੀ
ਨਾਰ : ਪਤਨੀ
ਜੰਗ : ਯੁੱਧ

# ਸਿਪਾਹੀ ਦਾ ਦਿਲ



ਵਾਗਾਂ ਛੱਡ ਦੇ ਹੰਝੂਆਂ ਵਾਲੀਏ ਨੀ,
ਪੈਰ ਧਰਨ ਦੇ ਮੈਨੂੰ ਰਕਾਬ ਉੱਤੇ।
ਸਾਡੇ ਦੇਸ਼ 'ਤੇ ਬਣੀ ਹੈ ਭੀੜ ਭਾਰੀ,
ਟੁੱਟ ਪਏ ਨੇ ਵੈਰੀ ਪੰਜਾਬ ਉੱਤੇ।
ਰੋ ਰੋ ਕੇ ਪਾਣੀ ਨਾ ਫੇਰ ਐਵੇਂ,
ਮੇਰੇ ਸੋਹਣੇ ਪੰਜਾਬ ਦੀ ਆਬ ਉੱਤੇ।
ਸਰੁ ਵਰਗੀ ਜਵਾਨੀ ਮੈਂ ਫੂਕਣੀ ਏਂ,
ਬਹਿ ਗਏ ਭੂੰਡ ਜੇ ਆ ਕੇ ਗੁਲਾਬ ਉੱਤੇ।
ਕਿਹੜੀ ਗੱਲੋਂ ਤੂੰ ਹਉਕੇ ਤੇ ਲਏਂ ਹਉਕਾ,
ਕਿਹੜੀ ਗੱਲੋਂ ਤੂੰ ਅੱਖਾਂ ਸੁਜਾਈਆਂ ਨੇ ?
ਲਾਂਘੇ ਪੰਜਾਂ ਦਰਿਆਵਾਂ ਦੇ ਸਨ ਥੋਹੜੇ,
ਜੋ ਤੂੰ ਹੋਰ ਦੋ ਨਦੀਆਂ ਚੜ੍ਹਾਈਆਂ ਨੇ।

ਫੂਹੀ ਫੂਹੀ ਨੂੰ ਸਹਿਕਦੇ ਵੀਰ ਮੇਰੇ,
ਕੀ ਕਰਾਂ ਮੈਂ ਦੁੱਧ ਛੁਹਾਰਿਆਂ ਨੂੰ।
ਸਾਥੀ ਤੜਫਦੇ ਪਏ ਨੇ ਖ਼ਾਕ ਅੰਦਰ,
ਪੱਛੀ ਲਾਵਾਂ ਮੈਂ ਮਹਿਲਾਂ ਚੁਬਾਰਿਆਂ ਨੂੰ।
ਫ਼ੌਜੀ ਬਾਜਿਆਂ ਆਣ ਘਨਘੋਰ ਪਾਈ,
ਲੱਗ ਰਿਹਾ ਏ ਡਗਾ ਨਗਾਰਿਆਂ ਨੂੰ।
ਮੇਰੇ ਘੋੜੇ ਵੀ ਚੁੱਕ ਲਏ ਕੰਨ ਦੋਵੇਂ,
ਦੇਖ ਇਹਦਿਆਂ ਖੁਰਾਂ ਫੁੰਕਾਰਿਆਂ ਨੂੰ।
ਡੌਲੇ ਫਰਕਦੇ ਪਏ ਨੇ ਅੱਜ ਮੇਰੇ,
ਜੋਸ਼ ਨਾਲ ਪਈ ਕੰਬਦੀ ਜਾਨ ਮੇਰੀ।
ਜੀਭਾਂ ਕੱਢਦੇ ਪਏ ਨੇ ਤੀਰ ਗਿਠ ਗਿਠ,
ਪਈ ਆਕੜਾਂ ਭੰਨਦੀ ਕਮਾਨ ਮੇਰੀ।

ਵਿਚ ਰੰਗ ਦੇ ਮਸਤ ਮਲੰਗ ਹੋ ਕੇ,
ਲਾਈਏ ਤਾਰੀਆਂ ਅਸੀਂ ਝਨਾਂ ਅੰਦਰ।
ਵਿਚ ਜੰਗ ਦੇ ਤਲੀ 'ਤੇ ਜਾਨ ਧਰਕੇ,
ਲੜੀਏ ਅਸੀਂ ਤਲਵਾਰਾਂ ਦੀ ਛਾਂ ਅੰਦਰ।
ਵਿਚ ਰੰਗ ਦੇ ਛਿੰਜਾਂ ਤੇ ਘੋਲ ਪਾਈਏ,
ਢੋਲੇ ਗਾਵੀਏ ਹਲਾਂ ਦੇ ਗਾਹ ਅੰਦਰ।
ਵਿਚ ਜੰਗ ਦੇ ਖ਼ੂਨ ਦੀ ਲਾ ਮਹਿੰਦੀ,
ਪਾਈਏ ਬਾਂਹ ਤਲਵਾਰ ਦੀ ਬਾਂਹ ਅੰਦਰ।

ਅਸੀਂ ਪੰਜਾਂ ਦਰਿਆਵਾਂ ਦੇ ਸ਼ੇਰ ਦੂਲੇ,
ਦੋਹਾਂ ਦੇਵੀਆਂ ਨੂੰ ਨਿਮਸ਼ਕਾਰ ਸਾਡੀ।
ਵਿਚ ਰੰਗ ਦੇ ਦੇਵੀ ਹੈ ਨਾਰ ਸਾਡੀ,
ਵਿਚ ਜੰਗ ਦੇ ਦੇਵੀ ਕਟਾਰ ਸਾਡੀ।

ਵਿਚ ਜੰਗ ਦੇ ਭਾਵੇਂ ਮੈਂ ਚੱਲਿਆ ਹਾਂ,
ਤਾਂ ਵੀ ਰਖਸਾਂ ਤੇਰਾ ਖ਼ਿਆਲ ਪਿਆਰੀ।
ਬੁੰਦੇ ਸਮਝ ਕੇ ਤੇਰੇ ਮੈਂ ਛੱਰਿਆਂ ਨੂੰ,
ਲਾਸਾਂ ਘੁੱਟ ਕਲੇਜੇ ਦੇ ਨਾਲ ਪਿਆਰੀ।

ਧੂਆਂ ਵੇਖ ਕੇ ਤੋਪਾਂ ’ਚੋਂ ਪੇਚ ਖਾਂਦਾ,
ਤੇਰੇ ਸਮਝਸਾਂ ਘੁੰਗਰੇ ਵਾਲ ਪਿਆਰੀ।
ਤੇਰੇ ਪਲਕਾਂ ਦੀ ਯਾਦ ਵਿਚ ਤੀਰ ਖਾਸਾਂ,
ਹਾਥੀ ਵੇਖ ਚਿਤਾਰਸਾਂ ਚਾਲ ਪਿਆਰੀ।

ਜੇ ਮੈਂ ਜੀਂਦਾ ਜਾਗਦਾ ਪਰਤ ਆਇਆ,
‘ਰੱਖ ਸਾਈਂ ਦੀ’ ਮੈਂ ਬੁਲਾ ਛੱਡੀਂ।
ਨਹੀਂ ਤਾਂ ਪੁੱਤ ਜਦ ਮੇਰਾ ਜਵਾਨ ਹੋਇਆ,
ਤੇਗ਼ ਓਸ ਨੂੰ ਮੇਰੀ ਫੜਾ ਛੱਡੀਂ।

## ਟਿੱਪਣੀ

ਪ੍ਰੋ. ਮੋਹਨ ਸਿੰਘ ਕਵਿਤਾ ‘ਸਿਪਾਹੀ ਦਾ ਦਿਲ’ ਵਿੱਚ ਦੱਸਦੇ ਹਨ ਕਿ ਸਿਪਾਹੀ ਦਾ ਨਵਾਂ-ਨਵਾਂ ਵਿਆਹ ਹੋਇਆ ਹੈ। ਓਧਰ ਦੇਸ ਉੱਤੇ ਦੁਸ਼ਮਨਾਂ ਨੇ ਹਮਲਾ ਕਰ ਦਿੱਤਾ ਹੈ। ਉਹ ਸਿਪਾਹੀ ਜੰਗ ਵਿੱਚ ਜਾ ਕੇ ਉਨ੍ਹਾਂ ਨਾਲ ਜੰਗ ਲੜਨਾ ਚਾਹੁੰਦਾ ਹੈ। ਉਸ ਦੀ ਨਵ-ਵਿਆਹੀ ਪਤਨੀ ਉਸ ਨੂੰ ਵਾਸਤੇ ਪਾ ਕੇ ਰੋਕਣਾ ਚਾਹੁੰਦੀ ਹੈ। ਪਰ ਉਹ ਉਸ ਨੂੰ ਹੰਝੂ ਵਹਾਉਣ ਤੋਂ ਰੋਕਦਾ ਹੋਇਆ ਆਪਣੇ ਘੋੜੇ ਦੀ ਲਗਾਮ ਛੱਡ ਦੇਣ ਲਈ ਆਖਦਾ ਹੈ। ਉਹ ਕਹਿੰਦਾ ਹੈ ਕਿ ਮੈਨੂੰ ਰਕਾਬ ਉੱਤੇ ਪੈਰ ਰੱਖ ਕੇ ਘੋੜੇ ਉੱਤੇ ਚੜ੍ਹਨ ਦੇ ਕਿਉਂਕਿ ਸਾਡੇ ਦੇਸ (ਪੰਜਾਬ) ਉੱਤੇ ਵੱਡੀ ਮੁਸ਼ਕਲ ਆਈ ਹੋਈ ਹੈ। ਉਹ ਕਹਿੰਦਾ ਹੈ ਕਿ ਉਸ ਦੀ ਇਸ ਜਵਾਨੀ ਦਾ ਕੋਈ ਲਾਭ ਨਹੀਂ ਜੇ ਉਹ ਦੇਸ ਲਈ ਲੜ ਨਾ ਸਕਿਆ। ਉਹ ਉਸ ਨੂੰ ਚਿਤਾਰਦਾ ਹੈ ਕਿ ਤੂੰ ਕਿਉਂ ਰੋ ਰਹੀ ਹੈਂ, ਹਉਕੇ ਲੈ ਰਹੀ ਹੈਂ, ਮੈਂ ਤਾਂ ਪੰਜਾਂ ਦਰਿਆਵਾਂ (ਭਾਵ ਸਤਲੁਜ, ਬਿਆਸ, ਰਾਵੀ, ਝਨਾਅ, ਜੇਹਲਮ) ਨੂੰ ਪਾਰ ਕਰਕੇ ਵੈਰੀ ਨਾਲ ਮੁਕਾਬਲਾ ਕਰਨ ਜਾਣਾ ਹੈ। ਸਿਪਾਹੀ ਕਹਿੰਦਾ ਹੈ ਮੈਂ ਦੁੱਧਾਂ ਛੁਹਾਰਿਆਂ ਭਾਵ ਐਸ਼ੋ-ਆਰਾਮ ਨੂੰ ਕੀ ਕਰਨਾ ਹੈ, ਜੇਕਰ ਮੇਰੇ ਭਰਾ ਰੋਟੀ ਨੂੰ ਤਰਸ ਰਹੇ ਹਨ। ਮੇਰੇ ਸਾਥੀ ਜੰਗ ਦੇ ਮੈਦਾਨ ਵਿੱਚ ਜੂਝ ਕੇ ਸ਼ਹੀਦੀਆਂ ਪ੍ਰਾਪਤ ਕਰ ਰਹੇ ਹਨ। ਲੜਾਈ ਲਈ ਬਿਗੁਲ ਵੱਜ ਚੁੱਕਿਆ ਹੈ। ਮੈਂ, ਮੇਰੇ ਤੀਰ ਅਤੇ ਕਮਾਨ ਤੇ ਮੇਰਾ ਘੋੜਾ ਜੰਗ ਵਿੱਚ ਜਾਣ ਲਈ ਜੋਸ਼ ਵਿੱਚ ਆ ਗਏ ਹਾਂ। ਜੇ ਅਸੀਂ ਖੁਸ਼ੀ ਵਿੱਚ ਮਸਤ ਹੋ ਕੇ ਝਨਾਂ ਦਰਿਆ ਵਿੱਚ ਤੈਰਦੇ ਹਾਂ ਤਾਂ ਲੜਾਈ ਵੇਲੇ ਅਸੀਂ ਜੰਗ ਦੇ ਮੈਦਾਨ ਵਿੱਚ ਪਹੁੰਚ ਜਾਂਦੇ ਹਾਂ। ਆਪਣੀ

### ਔਖੇ ਸ਼ਬਦਾਂ ਦੇ ਅਰਥ

ਕਟਾਰ : ਤਲਵਾਰ
ਰਖਸਾਂ : ਰੱਖਾਂਗਾ
ਛੱਰਿਆਂ : ਗੋਲੀਆਂ
ਲਾਸਾਂ : ਲਾਵਾਂਗਾ
ਖਾਸਾਂ : ਖਾਵਾਂਗਾ
ਚਿਤਾਰਸਾਂ : ਯਾਦ ਕਰਾਂਗਾ
ਤੇਗ਼ : ਤਲਵਾਰ

ਕੁਰਬਾਨੀ ਦੇਣ ਲਈ ਤਿਆਰ ਰਹਿੰਦੇ ਹਾਂ। ਖੁਸ਼ੀ ਵਿੱਚ ਅਸੀਂ ਕੁਸ਼ਤੀਆਂ ਲੜਦੇ ਹਾਂ, ਹਲ ਵਾਹੁੰਦੇ ਹਾਂ, ਗੀਤ ਗਾਉਂਦੇ ਹਾਂ। ਉਸ ਨੂੰ ਪੰਜਾਬ ਦੇ ਸੂਰਮੇ ਹੋਣ ਉਪਰ ਮਾਣ ਹੈ। ਲੜਾਈ ਦੇ ਮੈਦਾਨ ਦੇ ਦ੍ਰਿਸ਼ਾਂ ਦੀ ਉਹ ਖ਼ੂਨ ਦੀ ਮਹਿੰਦੀ ਤੇ ਤਲਵਾਰਾਂ ਦੀ ਛਾਂ ਨਾਲ ਤੁਲਨਾ ਕਰਦਾ ਹੈ।

ਅੰਤ ਵਿੱਚ ਉਹ ਸਿਪਾਹੀ ਆਪਣੀ ਪਤਨੀ ਨੂੰ ਸੰਬੋਧਨ ਕਰਦਾ ਹੋਇਆ ਦਿਲਾਸਾ ਦਿੰਦਾ ਹੈ ਕਿ ਉਹ ਲੜਾਈ ਦੇ ਮੈਦਾਨ ਵਿੱਚ ਜਾ ਕੇ ਵੀ ਉਸ ਦਾ ਪੂਰਾ ਖਿਆਲ ਰੱਖੇਗਾ। ਉਹ ਬੰਦੂਕ ਦੀਆਂ ਗੋਲੀਆਂ ਨੂੰ ਉਸ ਦੇ ਬੁੰਦੇ ਅਤੇ ਤੋਪਾਂ ਦੇ ਵਲ ਖਾਂਦੇ ਧੂੰਏਂ ਨੂੰ ਉਸ ਦੇ ਘੁੰਗਰਾਲੇ ਵਾਲ ਸਮਝਣ ਦੀ ਤਸੱਲੀ ਦਿੰਦਾ ਹੈ। ਉਹ ਖ਼ੁਸ਼ੀ ਨਾਲ ਤੀਰਾਂ ਦਾ ਵਾਰ ਸਹਿਣ ਕਰੇਗਾ। ਹਾਥੀਆਂ ਨੂੰ ਦੇਖ ਕੇ ਉਸ ਦੀ ਮਸਤਾਨੀ ਚਾਲ ਨੂੰ ਯਾਦ ਕਰੇਗਾ।

ਕਵਿਤਾ ਦੇ ਅਖੀਰ ਵਿੱਚ ਦੇਸ਼-ਪ੍ਰੇਮ ਦੀ ਭਾਵਨਾ ਉਜਾਗਰ ਹੁੰਦੀ ਹੈ। ਉਹ ਪਤਨੀ ਨੂੰ ਆਖਰੀ ਸ਼ਬਦ ਆਖਦਾ ਹੈ। ਉਹ ਉਸ ਨੂੰ ਇਕ ਫ਼ੁਰਮਾਨ ਵਾਂਗ ਸੰਦੇਸ਼ ਦਿੰਦਾ ਹੈ ਕਿ ਜੇਕਰ ਉਹ ਠੀਕ-ਠਾਕ ਪਰਤ ਆਇਆ ਤਾਂ ਇਸ ਨੂੰ ਰੱਬ ਦਾ ਅਸ਼ੀਰਵਾਦ ਸਮਝ ਕੇ ਉਸ ਦਾ ਸਵਾਗਤ ਕਰੀਂ। ਪਰ ਸ਼ਹੀਦ ਹੋਣ ਦੀ ਸੂਰਤ ਵਿਚ ਉਸ ਦੇ ਪੁੱਤਰ ਨੂੰ ਜਵਾਨ ਹੋਣ ਤੇ ਉਸ ਦੇ ਹੱਥ ਤਲਵਾਰ ਫੜਾ ਕੇ ਦੇਸ਼ ਦੀ ਰੱਖਿਆ ਲਈ ਭੇਜ ਦੇਣ ਦੀ ਆਪਣੀ ਇੱਛਾ ਦਾ ਪ੍ਰਗਟਾਵਾ ਕਰਦਾ ਹੈ।

## ਅਭਿਆਸ

**1. ਦੱਸੋ ਖਾਂ ਭਲਾ :**

(i) ਕਵਿਤਾ 'ਸਿਪਾਹੀ ਦਾ ਦਿਲ' ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ।

(ii) ਸਿਪਾਹੀ ਦੁੱਧਾਂ, ਛੁਹਾਰਿਆਂ ਅਤੇ ਮਹਿਲਾਂ ਚੁਬਾਰਿਆਂ ਦੀ ਪਰਵਾਹ ਕਿਉਂ ਨਹੀਂ ਕਰਦਾ ?

(iii) ਕਵਿਤਾ ਵਿੱਚ ਪਤੀ ਆਪਣੀ ਪਤਨੀ ਕੋਲ ਕਿਥੇ ਜਾਣ ਦੀ ਜ਼ਿੱਦ ਕਰਦਾ ਹੈ ?

(v) 'ਬਿਗਲ' ਕਿਸ ਦਾ ਸੰਕੇਤ ਹੈ ?

(v) ਲੜਾਈ ਵਿੱਚ ਸ਼ਹੀਦ ਹੋਣ ਦੀ ਹਾਲਤ ਵਿੱਚ ਸਿਪਾਹੀ ਆਪਣੀ ਪਤਨੀ ਨੂੰ ਕੀ ਕਰਨ ਲਈ ਕਹਿੰਦਾ ਹੈ ?

(vi) ਸਿਪਾਹੀ ਲੜਾਈ ਦੇ ਮੈਦਾਨ ਦੇ ਦ੍ਰਿਸ਼ਾਂ ਦੀ ਕਿਨ੍ਹਾਂ ਨਾਲ ਤੁਲਨਾ ਕਰਦਾ ਹੈ।

**2. ਹੇਠ ਲਿਖੀਆਂ ਕਾਵਿ-ਸਤਰਾਂ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :**

ਵਿਚ ਰੰਗ ਦੇ ਮਸਤ ਮਲੰਗ ਹੋ ਕੇ,
ਲਾਈਏ ਤਾਰੀਆਂ ਅਸੀਂ ਝਨਾਂ ਅੰਦਰ।
ਵਿਚ ਜੰਗ ਦੇ ਤਲੀ 'ਤੇ ਜਾਨ ਧਰਕੇ,
ਲੜੀਏ ਅਸੀਂ ਤਲਵਾਰਾਂ ਦੀ ਛਾਂ ਅੰਦਰ।

ਵਿਚ ਰੰਗ ਦੇ ਛਿੰਜਾਂ ਤੇ ਘੋਲ ਪਾਈਏ,
ਢੋਲੇ ਗਾਵੀਏ ਹਲਾਂ ਦੇ ਗਾਹ ਅੰਦਰ।
ਵਿਚ ਜੰਗ ਦੇ ਖ਼ੂਨ ਦੀ ਲਾ ਮਹਿੰਦੀ,
ਪਾਈਏ ਬਾਂਹ ਤਲਵਾਰ ਦੀ ਬਾਂਹ ਅੰਦਰ।

ਅਸੀਂ ਪੰਜਾਂ ਦਰਿਆਵਾਂ ਦੇ ਸ਼ੇਰ ਦੂਲੇ,
ਦੋਵਾਂ ਦੇਵੀਆਂ ਨੂੰ ਨਿਮਸ਼ਕਾਰ ਸਾਡੀ।
ਵਿਚ ਰੰਗ ਦੇ ਦੇਵੀ ਹੈ ਨਾਰ ਸਾਡੀ,
ਵਿਚ ਜੰਗ ਦੇ ਦੇਵੀ ਕਟਾਰ ਸਾਡੀ।

(i) ਉਪਰੋਕਤ ਸਤਰਾਂ ਦੇ ਕਵੀ ਦਾ ਨਾ ਲਿਖੋ।
(ii) ਝਨਾਂ ਵਿੱਚ ਤਾਰੀਆਂ ਕਿਸ ਨੇ ਲਾਈਆਂ।
(iii) ਕਵੀ 'ਰੰਗ' ਅਤੇ 'ਜੰਗ' ਵਿੱਚ ਕਿਹੋ ਜਿਹੀਆਂ ਸਥਿਤੀਆਂ ਨੂੰ ਪੇਸ਼ ਕਰ ਰਿਹਾ ਹੈ ?
(iv) 'ਘੋਲ' ਅਤੇ 'ਕਟਾਰ' ਸ਼ਬਦਾਂ ਦੇ ਅਰਥ ਲਿਖੋ।

**3. ਹੇਠ ਲਿਖੀਆਂ ਕਾਵਿ-ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

ਵਿਚ ਜੰਗ ਦੇ ਭਾਵੇਂ ਮੈਂ ਚੱਲਿਆ ਹਾਂ,
ਤਾਂ ਵੀ ਰਖਸਾਂ ਤੇਰਾ ਖ਼ਿਆਲ ਪਿਆਰੀ।
ਬੁੰਦੇ ਸਮਝ ਕੇ ਤੇਰੇ ਮੈਂ ਛੱਰਿਆਂ ਨੂੰ,
ਲਾਸਾਂ ਘੁੱਟ ਕਲੇਜੇ ਦੇ ਨਾਲ ਪਿਆਰੀ।

ਧੂੰਆਂ ਵੇਖ ਕੇ ਤੋਪਾਂ 'ਚੋਂ ਪੇਚ ਖਾਂਦਾ,
ਤੇਰੇ ਸਮਝਸਾਂ ਘੁੰਗਰੇ ਵਾਲ ਪਿਆਰੀ।
ਤੇਰੇ ਪਲਕਾਂ ਦੀ ਯਾਦ ਵਿਚ ਤੀਰ ਖਾਸਾਂ,
ਹਾਥੀ ਵੇਖ ਚਿਤਾਰਸਾਂ ਚਾਲ ਪਿਆਰੀ।

ਜੇ ਮੈਂ ਜੀਂਦਾ ਜਾਗਦਾ ਪਰਤ ਆਇਆ,
'ਰੱਖ ਸਾਈਂ ਦੀ' ਮੈਨੂੰ ਬੁਲਾ ਛੱਡੀਂ।
ਨਹੀਂ ਤਾਂ ਪੁੱਤ ਜਦ ਮੇਰਾ ਜਵਾਨ ਹੋਇਆ,
ਤੇਗ਼ ਓਸ ਨੂੰ ਮੇਰੀ ਫੜਾ ਛੱਡੀਂ।

## ਦੋ ਟੋਟਿਆਂ ਦੇ ਵਿਚ ਭੋਂ ਟੁੱਟੀ



ਦੋ ਟੋਟਿਆਂ ਦੇ ਵਿਚ ਭੋਂ ਟੁੱਟੀ
ਇਕ ਮਹਿਲਾਂ ਦਾ ਇਕ ਢੋਕਾਂ ਦਾ।
ਦੋ ਧੜਿਆਂ ਵਿਚ ਖ਼ਲਕਤ ਵੰਡੀ,
ਇਕ ਲੋਕਾਂ ਦਾ ਇਕ ਜੋਕਾਂ ਦਾ।

ਕੋਈ ਵੇਲਾ ਸੀ ਵੰਡਕਾਰਾਂ ਨੇ
ਦੁਨੀਆਂ ਨੂੰ ਪਾੜਿਆ ਵੰਡਿਆ ਸੀ।
ਵਿੱਥਾਂ ਵਿਚ ਵਿੱਥਾਂ ਹੋਰ ਵਧਾ,
ਜਨਤਾ ਨੂੰ ਡਾਢਾ ਤਰੁੰਡਿਆ ਸੀ।

**ਔਖੇ ਸ਼ਬਦਾਂ ਦੇ ਅਰਥ**

ਭੋਂ : ਧਰਤੀ
ਮਹਿਲਾਂ : ਅਮੀਰਾਂ, ਲੋਕਾਂ
ਢੋਕਾਂ : ਗਰੀਬ ਲੋਕਾਂ
ਧੜਿਆਂ : ਹਿੱਸਿਆਂ
ਜੋਕਾਂ : ਲਹੂ ਚੂਸਣ ਵਾਲਾ ਕੀੜਾ, ਸ਼ੋਸ਼ਿਤ
ਵੇਲਾ : ਸਮਾਂ
ਵੰਡਕਾਰਾਂ : ਵੰਡਣ ਵਾਲਿਆਂ
ਵਿੱਥਾਂ : ਦੂਰੀਆਂ
ਡਾਢਾ : ਬੜਾ

### ਔਖੇ ਸ਼ਬਦਾਂ ਦੇ ਅਰਥ

| | |
|---|---|
| ਵਰਨ | : ਜਾਤ |
| ਵਾਹੀਆਂ | : ਪਾਈਆਂ |
| ਲੀਕਾਂ | : ਲਕੀਰਾਂ, ਵਿੱਥਾਂ |
| ਕੁਕਰਮ | : ਮਾੜੇ ਕਰਮ |
| ਭਰਮ | : ਵਹਿਮ |
| ਜ਼ਬਾਨ | : ਬੋਲੀ |
| ਸਭਿਆਚਾਰ | :ਰਹਿਣ-ਸਹਿਣ |
| ਥਹੁ | : ਪਤਾ |
| ਕੂੜੀਆਂ ਪਾੜਾਂ | : ਝੂਠੀਆਂ ਵੰਡੀਆਂ |
| ਚੇਤਨ | : ਚੁਕੰਨੇ |
| ਵੰਗਾਰਿਆ | : ਲਲਕਾਰਿਆ |
| ਛਾਈਂ ਮਾਈਂ | : ਦੂਰ ਕਰਨਾ |
| ਉਘਾੜਿਆ | : ਦਿਖਾਇਆ, ਪ੍ਰਗਟ ਕੀਤਾ |
| ਕਿਰਤੀ | : ਮਿਹਨਤ ਕਰਨ ਵਾਲੇ, ਮਿਹਨਤਕਸ਼ |
| ਮਨੀਜੀ | : ਮੰਨੀ ਗਈ |
| ਬਾਤ | : ਗੱਲ |
| ਮੁਕੀ | : ਖ਼ਤਮ ਹੋ ਗਈ |
| ਸਾਮਰਾਜ | : ਰਾਜਾਸ਼ਾਹੀ |

ਕੁਝ ਪਾਈਆਂ ਵਿੱਥਾਂ ਵਰਨ ਦੀਆਂ
ਕੁਝ ਵਾਹੀਆਂ ਲੀਕਾਂ ਧਰਮ ਦੀਆਂ,
ਫਿਰ ਕੰਧਾਂ ਕਰਮ ਕੁਕਰਮ ਦੀਆਂ,
ਫਿਰ ਧੁੰਧਾਂ ਅੰਨ੍ਹੇ ਭਰਮ ਦੀਆਂ।

ਫਿਰ ਵਿੱਥਾਂ ਲਿੱਪੀ ਜ਼ਬਾਨ ਦੀਆਂ,
ਫਿਰ ਪਹਿਰਾਵੇ ਤੇ ਵੇਸ ਦੀਆਂ,
ਫਿਰ ਸਭਿਤਾ, ਸਭਿਆਚਾਰ ਦੀਆਂ
ਫਿਰ ਦੇਸ ਅਤੇ ਪਰਦੇਸ ਦੀਆਂ।

ਜਨਤਾ ਨੂੰ ਥਹੁ ਨਾ ਲਗਣ ਦਿਤਾ
ਇਹਨਾਂ ਜਾਦੂਗਰ ਵਿੱਥਕਾਰਾਂ ਨੇ,
ਅਸਲੀਅਤ ਵਿਚ ਨੇ ਦੋ ਵਿੱਥਾਂ,
ਬਾਕੀ ਸਭ ਕੂੜੀਆਂ ਪਾੜਾਂ ਨੇ।

ਕੁਝ ਚੇਤਨ-ਸ਼ੇਰ ਜਵਾਨਾਂ ਨੇ
ਵਿੱਥਕਾਰਾਂ ਤਾਈਂ ਵੰਗਾਰਿਆ ਜਦ
ਛਾਈਂ ਮਾਈਂ ਕਰ ਵਿੱਥਾਂ ਨੂੰ,
ਅਸਲੀਅਤ ਤਾਈਂ ਉਘਾੜਿਆ ਜਦ।

ਤਦ ਕਿਰਤੀ ਤੇ ਕਿਰਸਾਣ ਉੱਠੇ,
ਕਾਲੀ ਤੇ ਬੋਲੀ ਰਾਤ ਮੁਕੀ,
ਗੱਲ ਪਈ ਮਨੀਜੀ ਲੋਕਾਂ ਦੀ
ਤੇ ਸਾਮਰਾਜ ਦੀ ਬਾਤ ਮੁਕੀ।

## ਟਿੱਪਣੀ

ਕਵੀ ਪ੍ਰੋ. ਮੋਹਨ ਸਿੰਘ ਨੇ ਵੰਡੀਆਂ ਪਾਉਣ ਵਾਲੇ ਹੁਕਮਰਾਨਾਂ ਦੀ ਕੀਤੀ ਸਮਾਜਕ ਵੰਡ ਅਤੇ ਆਰਥਕ ਵੰਡ ਨੂੰ ਪੇਸ਼ ਕਰਦੇ ਹੋਏ ਦੱਸਿਆ ਹੈ ਕਿ ਵੰਡੀਆਂ ਪਾਉਣ ਵਾਲਿਆਂ ਨੇ ਪਹਿਲਾਂ ਧਰਤੀ ਦੇ ਦੋ ਹਿੱਸੇ ਕਰ ਦਿੱਤੇ। ਇੱਕ ਤਾਂ ਅਮੀਰੀ ਅਤੇ ਗਰੀਬੀ ਦਾ ਪਾੜਾ ਪਾ ਦਿੱਤਾ। ਭਾਵ ਲੋਕਾਂ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ। ਇਕ ਪਾਸੇ ਸਾਧਾਰਨ ਲੋਕ ਅਤੇ ਦੂਜੇ ਪਾਸੇ ਲਹੂ ਚੂਸਣ ਵਾਲੇ ਕੀੜੇ ਸਨ। ਕੋਈ ਐਸਾ ਸਮਾਂ ਸੀ ਜਦ ਵੰਡਣ ਵਾਲਿਆਂ ਨੇ ਦੁਨੀਆਂ ਦੀ ਵੰਡ ਕਰ ਦਿੱਤੀ। ਦੂਰੀਆਂ ਵਿੱਚ ਹੋਰ ਦੂਰੀਆਂ ਪੈਦਾ ਕਰਕੇ ਜਨਤਾ ਨੂੰ ਬੜਾ ਦੁਖੀ ਕੀਤਾ ਸੀ। ਕਵੀ ਨੂੰ ਜਾਤ-ਪਾਤ, ਧਰਮ, ਮੰਦੇ ਕਰਮਾਂ, ਭਰਮਾਂ, ਭਾਸ਼ਾ ਤੇ ਬੋਲੀ, ਪਹਿਰਾਵੇ, ਰਹਿਣ-ਸਹਿਣ ਤੇ ਦੇਸ-ਪ੍ਰਦੇਸ ਆਦਿ ਵਿਚ ਲੋਕਾਂ ਦੀ ਪਾਈ ਵੰਡ ਉੱਪਰ ਸਖ਼ਤ

ਇਤਰਾਜ਼ ਹੈ। ਇਉਂ ਵਿੱਥਾਂ/ਦੂਰੀਆਂ ਪੈਦਾ ਕਰਨ ਵਾਲੇ ਜਾਦੂਗਰਾਂ ਨੇ ਜਨਤਾ ਨੂੰ ਪਤਾ ਹੀ ਨਹੀਂ ਲਗਣ ਦਿੱਤਾ ਕਿ ਬਾਕੀ ਸਭ ਵੰਡੀਆਂ ਝੂਠੀਆਂ ਹਨ। ਅਸਲੀਅਤ ਵਿੱਚ ਤਾਂ ਸਿਰਫ ਦੋ ਹੀ ਵਿੱਥਾਂ ਹਨ। ਪਰ ਕੁਝ ਚੁਕੰਨੇ/ਬਹਾਦਰ ਸ਼ੇਰ ਨੌਜਵਾਨਾਂ ਨੇ ਇਨ੍ਹਾਂ ਵਿੱਥਾਂ ਪਾਉਣ ਵਾਲਿਆਂ ਨੂੰ ਲਲਕਾਰਿਆ। ਅਸਲੀਅਤ ਬਾਰੇ ਜਨਤਾ ਨੂੰ ਜਾਗ੍ਰਿਤ ਕਰਕੇ ਵਿੱਥਾਂ ਨੂੰ ਦੂਰ ਕੀਤਾ। ਇਸ ਨਾਲ ਮਿਹਨਤ ਕਰਨ ਵਾਲੇ ਅਤੇ ਕਿਸਾਨ ਵੀ ਜਾਗ੍ਰਿਤ ਹੋਏ। ਉਨ੍ਹਾਂ ਦੀ ਹਨੇਰੀ ਰਾਤ ਭਾਵ ਅਗਿਆਨਤਾ ਦੂਰ ਹੋ ਗਈ। ਲੋਕਾਂ ਦੀ ਗੱਲ ਮੰਨੀ ਗਈ ਅਤੇ ਸਾਮਰਾਜ ਦੀ ਗੱਲ ਖ਼ਤਮ ਹੋ ਗਈ।

## ਅਭਿਆਸ

**1. ਦੱਸੋ ਖਾਂ ਭਲਾ :**

(i) ਕਵਿਤਾ 'ਦੋ ਟੋਟਿਆਂ ਦੇ ਵਿੱਚ ਭੋਂ ਟੁੱਟੀ' ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ।

(ii) ਵੰਡ ਕਰਨ ਵਾਲਿਆਂ ਨੇ ਦੁਨੀਆ ਵਿੱਚ ਦੂਰੀਆਂ ਵਧਾ ਕੇ ਉਨ੍ਹਾਂ ਨੂੰ ਕਿਉਂ ਵੰਡਿਆ?

(iii) ਦੋ ਟੋਟਿਆ ਵਿੱਚ ਭੋਂ ਵੰਡਣ ਤੋਂ ਕੀ ਭਾਵ ਹੈ ?

(iv) ਸਮਾਜ ਵਿੱਚ ਕਿਹੜੀਆਂ ਵੰਡੀਆਂ ਪਾਈਆਂ ਗਈਆਂ ?

(v) ਵਿਥਾਂ ਨੂੰ ਦੂਰ ਕਰਨ ਲਈ ਕੌਣ ਅੱਗੇ ਆਇਆ ?

(vi) ਲੋਕਾਂ ਵਿੱਚ ਕਿਸ ਗੱਲ ਦੀ ਚੇਤਨਤਾ ਪੈਦਾ ਹੋਈ ?

(vii) ਇਸ ਕਵਿਤਾ ਨੂੰ ਲਿਖਣ ਲਈ ਕਵੀ ਦਾ ਕੀ ਉਦੇਸ਼ ਹੈ ?

**2. ਹੇਠ ਲਿਖੀਆਂ ਕਾਵਿ-ਸਤਰਾਂ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :**

ਕੁਝ ਚੇਤਨ-ਸ਼ੇਰ ਜਵਾਨਾਂ ਨੇ
ਵਿੱਥਕਾਰਾਂ ਤਾਈਂ ਵੰਗਾਰਿਆ ਜਦ
ਛਾਈਂ ਮਾਈਂ ਕਰ ਵਿੱਥਾਂ ਨੂੰ,
ਅਸਲੀਅਤ ਤਾਈਂ ਉਘਾੜਿਆ ਜਦ।

ਤਦ ਕਿਰਤੀ ਤੇ ਕਿਰਸਾਣ ਉੱਠੇ,
ਕਾਲੀ ਤੇ ਬੋਲੀ ਰਾਤ ਮੁਕੀ,
ਗੱਲ ਪਈ ਮਨੀਜੀ ਲੋਕਾਂ ਦੀ
ਤੇ ਸਾਮਰਾਜ ਦੀ ਬਾਤ ਮੁਕੀ।

(i) ਇਨ੍ਹਾਂ ਸਤਰਾਂ ਦੇ ਕਵੀ ਦਾ ਨਾਂ ਲਿਖੋ।

(ii) ਕਿਨ੍ਹਾਂ ਨੇ ਕਿਸ ਤਰ੍ਹਾਂ ਵੰਡਾਂ ਪਾਉਣ ਵਾਲਿਆਂ ਨੂੰ ਵੰਗਾਰਿਆ ?

(iii) ਕਿਰਤੀ ਤੇ ਕਿਸਾਨਾਂ ਵਿੱਚ ਜਾਗ੍ਰਤੀ ਆਉਣ ਨਾਲ ਕੀ ਹੋਇਆ ?

(iv) ਅਖ਼ੀਰ ਵਿੱਚ ਕਿਸ ਦੀ ਜਿੱਤ ਹੋਈ ?

(v) 'ਕਿਰਤੀ' ਅਤੇ 'ਛਾਈਂ ਮਾਈਂ' ਸ਼ਬਦਾਂ ਦੇ ਅਰਥ ਲਿਖੋ।

(vi) 'ਕਾਲੀ ਤੇ ਬੋਲੀ ਰਾਤ' ਤੋਂ ਕੀ ਭਾਵ ਹੈ ?

**3. ਹੇਠ ਲਿਖੀਆਂ ਕਾਵਿ-ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

ਕੁਝ ਪਾਈਆਂ ਵਿੱਥਾਂ ਵਰਨ ਦੀਆਂ
ਕੁਝ ਵਾਹੀਆਂ ਲੀਕਾਂ ਧਰਮ ਦੀਆਂ,
ਫਿਰ ਕੰਧਾਂ ਕਰਮ ਕੁਕਰਮ ਦੀਆਂ,
ਫਿਰ ਧੁੰਧਾਂ ਅੰਨ੍ਹੇ ਭਰਮ ਦੀਆਂ।

ਫਿਰ ਵਿੱਥਾਂ ਲਿੱਪੀ ਜ਼ਬਾਨ ਦੀਆਂ,
ਫਿਰ ਪਹਿਰਾਵੇ ਤੇ ਵੇਸ ਦੀਆਂ,
ਫਿਰ ਸਭਿਤਾ, ਸਭਿਆਚਾਰ ਦੀਆਂ
ਫਿਰ ਦੇਸ ਅਤੇ ਪਰਦੇਸ ਦੀਆਂ।

## ਆਉ ਕੁਝ ਹੋਰ ਕਰੀਏ

**ੳ. ਪਾਠ ਤੋਂ ਅੱਗੇ :**

(i) ਦੇਸ-ਵੰਡ ਦਾ ਅਨੁਭਵ ਭਾਵੇਂ ਤੁਹਾਨੂੰ ਨਹੀਂ ਹੈ ਪਰ ਜੋ ਕੁਝ ਵੀ ਤੁਸੀਂ ਦੇਸ-ਵੰਡ ਬਾਰੇ ਪੜ੍ਹਿਆ/ਸੁਣਿਆ ਹੈ ਉਸ ਬਾਰੇ ਆਪਣੇ ਵਿਚਾਰ ਆਪਣੇ ਜਮਾਤੀਆਂ ਨਾਲ ਸਾਂਝੇ ਕਰੋ।

(ii) ਜਦੋਂ ਜਾਗ੍ਰਤੀ ਆਉਂਦੀ ਹੈ, ਆਜ਼ਾਦੀ ਪ੍ਰਾਪਤ ਹੁੰਦੀ ਹੈ ਤਾਂ ਕਿਹੋ-ਜਿਹੇ ਖੁਸ਼ਹਾਲ ਮਾਹੌਲ ਦੀ ਇੱਛਾ ਕੀਤੀ ਜਾ ਸਕਦੀ ਹੈ, ਆਪਣੇ ਵਿਚਾਰ ਲਿਖੋ।

(iii) ਕਵਿਤਾ ਵਿੱਚ ਆਏ ਮੁਹਾਵਰਿਆਂ ਨੂੰ ਚੁਣ ਕੇ ਉਨ੍ਹਾਂ ਦੇ ਅਰਥ ਲਿਖੋ ਅਤੇ ਵਾਕ ਬਣਾਉ।

(iv) ਦੇਸ ਦੀ ਖ਼ਾਤਰ ਕੁਰਬਾਨ ਹੋਣ ਵਾਲੇ ਕਿਸੇ ਮਹਾਨ ਸਿਪਾਹੀ ਦੀ ਫ਼ੋਟੋ ਲਗਾ ਕੇ ਉਸ ਦੀ ਬਹਾਦੁਰੀ ਬਾਰੇ ਲਿਖ ਕੇ ਚਾਰਟ ਬਣਾਉ।

(v) ਅਜੋਕੇ ਦੌਰ ਵਿੱਚ ਲੜਾਈ ਦਾ ਸਾਜ਼-ਸਮਾਨ ਬਦਲ ਗਿਆ ਹੈ। ਪੁਰਾਣੇ ਹਥਿਆਰਾਂ ਦੀ ਨਵੀਨਤਮ ਹਥਿਆਰ ਨਾਲ ਤੁਲਨਾ ਕਰਦੇ ਹੋਏ ਇੱਕ ਪ੍ਰੋਜੈਕਟ ਤਿਆਰ ਕਰੋ।

(vi) ਸਮਾਜ ਵਿੱਚ ਅਨਿਆਂ ਹੋਣ ਨਾਲ ਲੋਕਾਂ ਵਿਚ ਹਾਹਾਕਾਰ ਮੱਚ ਜਾਂਦੀ ਹੈ। ਇੱਕ ਸੁਖੀ ਤੇ ਪ੍ਰਗਤੀਸ਼ੀਲ ਸਮਾਜ ਸਿਰਜਨ ਲਈ ਤੁਸੀਂ ਆਪਣਾ ਦ੍ਰਿਸ਼ਟੀਕੋਣ ਪੇਸ਼ ਕਰੋ।

**ਅ. ਪਾਠ ਦੇ ਆਧਾਰ 'ਤੇ ਠੀਕ ( ✔ ) ਤੇ ਗ਼ਲਤ ( ✖ ) ਦਾ ਨਿਸ਼ਾਨ ਬਣਾਉ :**

(i) ਕਿਰਤੀ ਲੋਕਾਂ ਨੇ ਵੰਡ ਪਾਉਣ ਵਾਲਿਆਂ ਨੂੰ ਕੁਝ ਨਹੀਂ ਕਿਹਾ। ☐

(ii) ਪਤੀ ਆਪਣੀ ਪਤਨੀ ਕੋਲ ਜੰਗ ਦੇ ਮੈਦਾਨ 'ਚ ਜਾਣ ਦੀ ਜ਼ਿਦ ਕਰਦਾ ਹੈ। ☐

(iii) ਲੜਾਈ ਸ਼ੁਰੂ ਕਰਨ ਤੋਂ ਪਹਿਲਾਂ ਗਿਟਾਰ ਵਜਾਈ ਜਾਂਦੀ ਹੈ। ☐

(iv) 'ਸਿਪਾਹੀ ਦਾ ਦਿਲ' ਰਚਨਾ ਦਾ ਕਵੀ ਸੁਰਜੀਤ ਪਾਤਰ ਹੈ। ☐

(v) ਧਰਤੀ ਤਿੰਨ ਹਿੱਸਿਆਂ ਵਿੱਚ ਵੰਡੀ ਗਈ। ☐

**ਝ. ਖਾਲੀ ਥਾਵਾਂ ਭਰੋ :**

(i) ਧਰਤੀ ਦੇ ... ਟੋਟੇ ਕਰ ਦਿੱਤੇ ਗਏ।

(ii) ਵੰਡ ਪਾਉਣ ਕਾਰਨ ਲੋਕਾਂ ਵਿੱਚ ... ਵਧ ਗਈ।

(iii) ... ਉੱਪਰ ਪੈਰ ਰੱਖ ਕੇ ਘੋੜੇ ਉੱਪਰ ਚੜ੍ਹਿਆ ਜਾਂਦਾ ਹੈ।

(iv) ਪਤੀ ... ਦਰਿਆ ਪਾਰ ਕਰਕੇ ਦੁਸ਼ਮਨ ਨਾਲ ਲੜਨ ਜਾਣਾ ਚਾਹੁੰਦਾ ਹੈ।

(v) ਲੜਾਈ ਸ਼ੁਰੂ ਕਰਨ ਲਈ ... ਵੱਜਦਾ ਹੈ।

ਪੰਜ ਬਿਗਲ ਦੋ ਦੂਰੀ ਰਕਾਬ

**ਸ. ਜੋੜੇ ਬਣਾਉ :**

| | |
|---|---|
| ਲਗਾਮ | ਜੰਗ |
| ਸਿਪਾਹੀ | ਭੋਂ |
| ਬਿਗਲ | ਬੰਦੂਕ |
| ਟੋਟਾ | ਘੋੜਾ |

**ਹ. ਵਿਰੋਧੀ ਸ਼ਬਦ ਲਿਖੋ :**

(i) ਮਹਿਲ ...

(ii) ਧੜਾ ...

(iii) ਭੰਨਣਾ ...

(iv) ਵੈਰੀ ...

**ਕ. ਭੋਂ ਨੂੰ ਜ਼ਮੀਨ ਆਖਿਆ ਜਾਂਦਾ ਹੈ। ਇਸ ਨੂੰ ਹੋਰ ਕਿੰਨੇ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ ?**

**ਖ. ਜਿਵੇਂ ਬਿਗਲ ਵੱਜਦਾ ਹੈ। ਉਸੇ ਤਰ੍ਹਾਂ ਹੇਠ ਲਿਖਿਆਂ ਦਾ ਸੁਭਾਅ/ਬਿਰਤੀ ਲਿਖੋ :**

(i) ਘੋੜਾ ...

(ii) ਭੂੰਡ ...

(iii) ਡੌਲੇ ...

(iv) ਜੋਕ ...

# ਅਸੀਂ ਪੰਜਾਬੀ

## ਪ੍ਰੀਤਮ ਸਿੰਘ 'ਕਾਸਦ'



### ਸ਼ਖ਼ਸੀਅਤ ਤੇ ਰਚਨਾ

ਪ੍ਰੀਤਮ ਸਿੰਘ 'ਕਾਸਦ' ਦਾ ਜਨਮ 1924 ਈ. ਵਿੱਚ ਪਿੰਡ ਗਹਿਆ, ਤਹਿਸੀਲ ਚੱਕਵਾਲ, ਜ਼ਿਲ੍ਹਾ ਜਿਹਲਮ (ਹੁਣ ਪਾਕਿਸਤਾਨ ਵਿੱਚ) ਵਿਖੇ ਪਿਤਾ ਗੋਦੜ ਸਿੰਘ ਸਾਹਨੀ ਦੇ ਘਰ ਮਾਤਾ ਭਾਗਵੰਤੀ ਦੀ ਕੁੱਖੋਂ ਹੋਇਆ। ਉਨ੍ਹਾਂ ਨੇ ਗੁਰੂ ਨਾਨਕ ਖ਼ਾਲਸਾ ਹਾਈ ਸਕੂਲ, ਨਨਕਾਣਾ ਸਾਹਿਬ ਵਿਖੇ ਮੈਟਰਿਕ ਤੱਕ ਦੀ ਸਿੱਖਿਆ ਹਾਸਲ ਕੀਤੀ। ਦਿੱਲੀ ਯੂਨੀਵਰਸਿਟੀ ਤੋਂ ਐੱਮ.ਏ. ਪੰਜਾਬੀ ਦੀ ਪੜ੍ਹਾਈ ਕੀਤੀ। ਉਨ੍ਹਾਂ ਨੂੰ ਸ਼੍ਰੋਮਣੀ ਕਵੀ ਅਵਾਰਡ, ਪੰਜਾਬੀ ਕਾਵਿ ਮੰਚ ਦਾ ਅਮੀਰ ਕਾਵਿ-ਭੂਸ਼ਣ ਤੇ ਹੋਰ ਅਨੇਕਾਂ ਹੀ ਇਨਾਮਾਂ ਨਾਲ ਸਨਮਾਨਤ ਕੀਤਾ ਗਿਆ। ਉਨ੍ਹਾਂ ਨੇ ਸਮਾਜ ਪ੍ਰਤੀ ਸੇਵਾ ਨਿਭਾਉਂਦਿਆਂ ਵਿਦਿਅਕ ਅਦਾਰਿਆਂ ਦਾ ਮਿਆਰ ਉੱਚਾ ਚੁੱਕਣ ਦਾ ਹਰ ਸੰਭਵ ਜਤਨ ਕੀਤਾ ਤੇ ਲੋੜਵੰਦ ਵਿਦਿਆਰਥੀਆਂ ਨੂੰ ਵਿਦਿਅਕ ਸਹਾਇਤਾ ਵੀ ਦਿੱਤੀ। ਕਿੱਤੇ ਵਲੋਂ ਆਪ ਆਪਣੀ ਨਿੱਜੀ ਕੰਪਨੀ ਦੇ ਡਾਇਰੈਕਟਰ ਸਨ। ਉਨ੍ਹਾਂ ਦੀਆਂ ਰਚਨਾਵਾਂ ਵਿੱਚ : 'ਆਜ਼ਾਦੀ ਦੀ ਵੇਦੀ 'ਤੇ', 'ਕੇਸਰੀ ਨਿਸ਼ਾਨ', 'ਖੜਗ ਖਾਲਸਾ', 'ਰੁੱਤਾਂ ਦੇ ਪਰਛਾਵੇਂ', 'ਜਾਗ ਮਨੁੱਖਤਾ ਜਾਗ' 'ਨੀਲਮ ਤੇ ਨਿਸ਼ੀ', 'ਪਾਂਧੀ ਨਨਕਾਣਵੀ ਇਕ ਅਧਿਐਨ' (ਸੰਪਾਦਿਤ), 'ਗੁਲਨਾਗ', 'ਰਾਜ ਖ਼ਾਲਸਾ – ਤਾਜ ਖ਼ਾਲਸਾ', 'ਕਾਇਨਾਤ', 'ਨਸ਼ਿਆਈਆਂ ਕਾਂਗਾਂ', 'ਅਸੀਂ ਹਾਂ ਖ਼ਾਲਸੇ' ਆਦਿ ਸ਼ਾਮਲ ਹਨ।

# ਅਸੀਂ ਪੰਜਾਬੀ

ਅਸੀਂ ਪੰਜਾਬੀ, ਇਸ਼ਕ ਦੇ ਪੁਤਲੇ,
ਕੁਦਰਤ ਵੀ ਜਿਸ ਤੋਂ ਬਲਿਹਾਰ।
ਪੰਜ ਨਦੀਆਂ ਸਾਨੂੰ ਲੋਰੀ ਦਿਤੀ,
ਦਸ ਗੁਰੂਆਂ ਸਾਡੇ ਭਰੇ ਭੰਡਾਰ।

ਮੌਤ ਅਸਾਡੀ ਚਰਨ ਦਾਸੜੀ,
ਫ਼ਤਹਿ ਅਸਾਡੇ ਗਲ ਦਾ ਹਾਰ।
ਦੇਸ਼, ਧਰਮ ਦੀ ਰਖ਼ਸ਼ਾ ਕਰਨੀ,
ਯੁਗ ਯੁਗ ਤੋਂ ਸਾਡਾ ਕਾਰ ਵਿਹਾਰ।

ਜਿਸ ਧਰਤੀ ਸਾਡੇ ਬੁੱਤ ਨੂੰ ਘੜਿਆ,
ਉਸ ਤੋਂ ਜਦ ਜਿੰਦ ਸਦਕੇ ਹੋਈ।
ਲੱਖ ਬੂੰਦਾਂ ਸਾਡੇ ਤਨ 'ਚੋਂ ਡੁਲ੍ਹੀਆ,
ਪਰ ਅਖੀਉਂ ਇਕ ਬੂੰਦ ਨਾ ਚੋਈ।

ਅਸੀਂ ਉਹਦੇ ਪੁੱਤ ਛੈਲ ਛਬੀਲੇ,
ਸਾਉਣ ਦਿਆਂ ਬਦਲਾਂ ਦੇ ਹਾਣੀਂ।
ਦੁਸ਼ਮਨ ਤੇ ਬਿਜਲੀ ਬਣ ਡਿਗਦੇ,
ਮਿਤਰਾਂ ਲਈ ਬਰਸਾਤ ਸੁਹਾਣੀ।

ਜੇਠ ਦੀ ਸਿਖਰ ਦੁਪਹਿਰ ਦੇ ਵਾਂਗੂੰ,
ਤੇਗ ਅਸਾਡੀ ਲਿਸ਼ਕਾਂ ਮਾਰੇ।
ਜਿਉਂ 'ਗੋਬਿੰਦ ਸਾਗਰ' ਦੀ ਬਿਜਲੀ,
ਜਨਤਾ ਦੀ ਤਕਦੀਰ ਸ਼ਿੰਗਾਰੇ।

ਗੁਰ ਗੋਬਿੰਦ, ਸਾਡਾ ਪ੍ਰੇਮ ਪਟੋਲਾ,
ਰੰਗ-ਮਜੀਠੇ ਧੁਰ ਤੋਂ ਰੰਗਿਆ।
ਤਾਹੀਉਂ ਰਣ ਵਿਚ ਮੌਤ ਸੁਹਾਗਣ,
ਰੱਤ ਦਾ ਕੁੰਗੂ ਸਾਥੋਂ ਮੰਗਿਆ।

ਅਸਾਂ ਨਾ ਚੋਰੀ ਕਾਜ ਰਚਾਇਆ,
ਅਸਾਂ ਨਾ ਛੁਪ ਕੇ ਮੌਤ ਵਿਆਹੀ।
ਹਰ ਹੋਣੀਂ ਪੀ ਪੀ ਕੇ ਮਰ ਗਈ,
ਭਰੀ ਰਹੀ ਸਾਡੀ ਜਿਗਰ-ਸੁਰਾਹੀ।

## ਔਖੇ ਸ਼ਬਦਾਂ ਦੇ ਅਰਥ

ਪੁਤਲੇ : ਸਰੀਰ
ਬਲਿਹਾਰ : ਕੁਰਬਾਨ
ਪੰਜ ਨਦੀਆਂ : ਪੰਜਾਬ ਵਿਚ ਵੱਗਣ (ਵਹਿਣ) ਵਾਲੀਆਂ ਪੰਜ ਨਦੀਆਂ— ਸਤਲੁਜ, ਬਿਆਸ, ਝਨਾਅ, ਰਾਵੀ, ਜ਼ੇਹਲਮ
ਬੁੱਤ : ਮੂਰਤੀ
ਜਿੰਦ : ਰੂਹ/ਪ੍ਰਾਣ
ਸਦਕੇ : ਕੁਰਬਾਨ/ ਬਲਿਹਾਰ
ਚੋਈ : ਪਾਣੀ ਦੇ ਟਪਕਣ ਦਾ ਭਾਵ
ਹਾਣੀ : ਹਮ-ਉਮਰ
ਜੇਠ : ਦੇਸੀ ਮਹੀਨੇ ਦਾ ਨਾਂ (ਮਈ-ਜੂਨ)
ਤੇਗ : ਤਲਵਾਰ
ਗੋਬਿੰਦ ਸਾਗਰ : ਡੈਮ ਦਾ ਨਾਂ
ਤਕਦੀਰ : ਕਿਸਮਤ
ਰੰਗ-ਮਜੀਠਾ : ਪੱਕਾ ਲਾਲ ਰੰਗ
ਕੁੰਗੂ : ਕੇਸਰ
ਕਾਜ : ਕਾਰਜ
ਰਚਾਇਆ : ਬਣਵਾਉਣਾ, ਰਚਨਾ ਕਰਵਾਉਣੀ
ਸ਼ਮਾਂ : ਰੌਸ਼ਨੀ ਦੇਣ ਵਾਲਾ
ਭੰਭਟਾਂ : ਭਮੱਕੜ (ਭੰਭ, ਭੂਚਾਲ)

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਸੂਲਾਂ | : ਕੰਡੇ |
| ਸ਼ੀਹਣੀਆਂ | : ਸ਼ੇਰਨੀਆਂ ਵਰਗੀਆਂ ਔਰਤਾਂ |
| ਵੰਝਲੀ | : ਬੰਸਰੀ |
| ਸਤ-ਪੱਤਣਾ | : ਸਤ ਸ਼ਹਿਰਾਂ |
| ਹਲ ਵਾਹੂ | : ਹਲ ਵਾਹੁਣ ਵਾਲੇ |
| ਮਾਖਿਉਂ | : ਸ਼ਹਿਦ ਵਰਗੀ |
| ਸ਼ੂਕਨ | : ਸ਼ੋਰ ਮਚਾਉਣਾ |
| ਝਨਾਂ | : ਦਰਿਆ ਦਾ ਨਾਂ |
| ਗ਼ੰਨੀ | : ਨਰਮ |



ਸ਼ਮਾਂ ਵਾਂਗ ਸਾਡਾ ਦੇਸ਼ ਹੈ ਜੀਊਂਦਾ,
ਭੰਭਟਾਂ ਵਾਂਗੂੰ ਜੀਊਣ ਪੰਜਾਬੀ।
ਫੁੱਲ ਤਾਂ ਫੁੱਲ ਸਾਡੀ ਫੁਲਵਾੜੀ,
ਦੀਆਂ ਸੂਲਾਂ ਦੇ ਵੀ ਮੁਖ ਗੁਲਾਬੀ।

ਪਰਬਤ ਵਾਂਗ ਅਸਾਡੇ ਗਭਰੂ,
ਸ਼ੀਹਣੀਆਂ ਵਰਗੀਆਂ ਸਾਡੀਆਂ ਨਾਰਾਂ।
ਰੰਗਾਂ ਵਿਚ ਗਿਧੇ ਤੇ ਭੰਗੜੇ,
ਜੰਗਾਂ ਵਿਚ ਛਣਕਨ ਤਲਵਾਰਾਂ।

ਦਰਿਆਵਾਂ ਵਿਚ ਝਾਂਜਰ ਛਣਕੇ,
ਵੰਝਲੀ ਦੀ ਲੈਅ ਭਰੇ ਹੁੰਗਾਰੇ।
ਸਤ-ਪੱਤਣਾਂ ਦੇ ਤਾਰੂ ਰਾਂਝੇ,
ਜਦ ਵੀ ਆਉਂਦੇ ਹੀਰ ਦੁਆਰੇ।

ਸਾਡੇ ਅਮਰ ਕਮਾਊ ਹੱਥਾਂ,
ਹਲਵਾਹੂ ਹੱਥਾਂ ਦੀਆਂ ਵਾਰਾਂ।
ਮਿੱਲਾਂ ਵਿਚ ਮਸ਼ੀਨਾਂ ਗਾਵਨ,
ਖੇਤਾਂ ਵਿਚ ਫ਼ਸਲਾਂ ਮੁਟਿਆਰਾਂ।

ਮਾਖਿਉਂ ਵਰਗੀ ਸਾਡੀ ਬੋਲੀ,
ਮਿਸ਼ਰੀ ਵਰਗੀਆਂ ਸਾਡੀਆਂ ਗੱਲਾਂ।
'ਸੋਹਣੀ' ਵਾਂਗ ਪਵਿਤਰ ਜਜ਼ਬੇ,
ਸ਼ੂਕਨ ਜਿਵੇਂ ਝਨਾਂ ਦੀਆਂ ਛੱਲਾਂ।

ਦੁਨੀਆਂ ਕਹੇ ਪੰਜਾਬੀ ਦਾਤੇ,
ਮਾਨਵਤਾ ਦੇ ਨੂਰ ਮੁਨਾਰੇ।
ਦਬ ਕੇ ਵਾਹੁੰਦੇ, ਰਜ ਕੇ ਖਾਂਦੇ,
ਵੰਡ ਕੇ ਛਕਦੇ ਭਰੇ ਭੰਡਾਰੇ।

ਵੇਦ ਅਸਾਡੇ, ਗ੍ਰੰਥ ਅਸਾਡੇ,
ਇਹਨਾਂ ਦੇ ਕਰਤਾਰ ਪੰਜਾਬੀ।
ਕੁਲ ਦੁਨੀਆਂ ਦੀ ਸਭਿਤਾ ਦੇ ਸਿਰ,
ਸਤਰੰਗੀ ਦਸਤਾਰ ਪੰਜਾਬੀ।

ਅਸੀਂ ਪੰਜਾਬੀ, ਧਨੀ ਤੇਗ਼ ਦੇ,
ਦਿਲ ਦੇ ਗ਼ੰਨੀ, ਯਾਰਾਂ ਦੇ ਯਾਰ।
ਪੰਜ ਨਦੀਆਂ ਸਾਨੂੰ ਲੋਰੀ ਦਿੱਤੀ,
ਦਸ ਗੁਰੂਆਂ ਸਾਡੇ ਭਰੇ ਭੰਡਾਰ।

## ਟਿੱਪਣੀ

ਇਸ ਕਵਿਤਾ ਵਿੱਚ ਕਵੀ ਨੇ ਪੰਜਾਬ ਦੀ ਧਰਤੀ ਦੇ ਵਸਨੀਕ ਪੰਜਾਬੀਆਂ ਦੇ ਸੁਭਾਅ ਬਾਰੇ ਬਹੁਤ ਹੀ ਖ਼ੂਬਸੂਰਤ ਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਦੱਸਿਆ ਹੈ। ਉਨ੍ਹਾਂ ਦੀ ਕਵਿਤਾ ਯਥਾਰਥ ਤੋਂ ਆਦਰਸ਼ ਵੱਲ ਚਲਦੀ ਹੈ। ਕਵਿਤਾ ਵਿੱਚ ਕਰਤਾਰੀ ਪ੍ਰਭੂਤਾ ਨੂੰ ਵਰਤ ਕੇ ਇੱਕ ਨਵੇਕਲਾ ਸਿਧਾਂਤ ਪੇਸ਼ ਕੀਤਾ ਹੈ ਤੇ ਨਾਲ ਹੀ ਕੌਮੀਅਤ ਦੇ ਸਿਧਾਂਤ ਨੂੰ ਵੀ ਦ੍ਰਿੜ ਕੀਤਾ ਹੈ। ਕਵਿਤਾ ਮਨੁੱਖਤਾ ਨੂੰ ਸਮਰਪਿਤ ਹੈ। ਕਵੀ ਨੇ ਆਪਣੀ ਕਵਿਤਾ ਵਿੱਚ ਪੰਜਾਬ ਨੂੰ ਸਿਰਕੱਢ ਪ੍ਰਾਂਤ ਹੋਣ ਦਾ ਮਾਣ ਦਿੱਤਾ ਹੈ। ਬਦਲਦੀਆਂ ਰੁੱਤਾਂ ਨਾਲ ਪੈਂਦੇ ਪ੍ਰਭਾਵ ਦਾ ਜ਼ਿਕਰ, ਪੰਜਾਬੀਆਂ ਦੀ ਮੂੰਹ ਬੋਲਦੀ ਗਾਥਾ ਹੈ। ਦੇਸੀ ਮਹੀਨਿਆਂ ਰਾਹੀਂ ਸਭਿਆਚਾਰਕ ਸਾਂਝ ਪਾਈ ਹੈ। ਪੰਜਾਬ ਦੇ ਦਰਿਆਵਾਂ 'ਤੇ ਬੰਨੇ ਡੈਮਾਂ ਕਰਕੇ ਇਸ ਧਰਤੀ ਉੱਤੇ ਆਈ ਖੁਸ਼ਹਾਲੀ ਦਾ ਜ਼ਿਕਰ ਕਰਦਿਆਂ ਕਵੀ ਨੇ ਫੁੱਲਾਂ ਦੀ ਖ਼ੂਬਸੂਰਤੀ ਦੇ ਨਾਲ ਕੰਡਿਆਂ ਦੇ ਮਹੱਤਵ ਨੂੰ ਵੀ ਪੇਸ਼ ਕੀਤਾ ਹੈ। ਸੰਗੀਤ ਪੰਜਾਬੀਆਂ ਦੀ ਰੂਹ ਹੈ ਤੇ ਮਿਹਨਤ ਕਰਨਾ ਹਰ ਪੰਜਾਬੀ ਆਪਣੀ ਆਨ ਤੇ ਸ਼ਾਨ ਸਮਝਦਾ ਹੈ। ਕਵੀ ਨੇ ਕਿਰਤ ਨੂੰ ਵਡਿਆਇਆ ਹੈ। ਦੁਨੀਆਂ ਦੇ ਲੋਕਾਂ ਦੀ ਪੰਜਾਬੀਆਂ ਪ੍ਰਤੀ ਸਕਾਰਾਤਮਕ ਸੋਚ ਅਤੇ ਮਾਂ-ਬੋਲੀ ਪੰਜਾਬੀ ਦੇ ਸੁਭਾਅ ਨੂੰ ਬਹੁਤ ਹੀ ਖ਼ੂਬਸੂਰਤੀ ਨਾਲ ਪੇਸ਼ ਕੀਤਾ ਹੈ। ਪੰਜਾਬ ਦੀ ਧਰਤੀ 'ਤੇ ਪੁਰਾਤਨ ਵੇਦਾਂ ਤੇ ਗ੍ਰੰਥਾਂ ਦੀ ਰਚਨਾ ਹੋਈ ਹੈ, ਇਸ ਲਈ ਧਰਤੀ ਤੇ ਧਰਮ ਦੀ ਆਵਾਜ਼ ਪੁੱਜਦੀ ਕਰਨ ਦਾ ਕੰਮ ਵੀ ਪੰਜਾਬ ਦੀ ਧਰਤੀ ਦੇ ਵਸਨੀਕਾਂ ਰਾਹੀਂ ਹੀ ਹੋ ਰਿਹਾ ਹੈ। ਇਹ ਪਿਆਰ ਦੇ ਨਾਲ-ਨਾਲ ਤੇਗ਼ ਦੇ ਵੀ ਧਨੀ ਹਨ ਤੇ ਦੋਸਤ-ਦੁਸ਼ਮਣ ਦੀ ਪਛਾਣ ਕਰਕੇ ਉਸੇ ਤਰ੍ਹਾਂ ਦਾ ਵਰਤਾਰਾ ਵੀ ਕਰਦੇ ਹਨ।

## ਅਭਿਆਸ

**1. ਦੱਸੋ ਖਾਂ ਭਲਾ :**

(i) ਕਵੀ ਨੇ ਕਿਹੜੀਆਂ ਪੰਜ ਨਦੀਆਂ ਦੀ ਗੱਲ ਕੀਤੀ ਹੈ ?
(ii) 'ਯੁਗ-ਯੁਗ' ਤੋਂ ਪੰਜਾਬੀਆਂ ਦਾ ਕਾਰ-ਵਿਹਾਰ ਕੀ ਰਿਹਾ ਹੈ ?
(iii) ਕਵੀ ਕਿਸ ਤੋਂ ਸਦਕੇ ਜਾ ਰਿਹਾ ਹੈ ?
(iv) ਜਨਤਾ ਦੀ ਤਕਦੀਰ ਕੌਣ ਸ਼ਿੰਗਾਰ ਰਿਹਾ ਹੈ ?
(v) ਪੰਜਾਬੀ ਗਭਰੂਆਂ ਤੇ ਨਾਰਾਂ ਦੀ ਤੁਲਨਾ ਕਿਸ ਨਾਲ ਕੀਤੀ ਗਈ ਹੈ ?
(vi) ਹੀਰ ਤੇ ਰਾਂਝਾ ਕੌਣ ਸਨ ਤੇ ਇਹ ਕਿਥੋਂ ਦੇ ਵਸਨੀਕ ਸਨ ?
(vii) ਪੰਜਾਬ ਦੀ ਧਰਤੀ ਦਾ ਸ਼ਿੰਗਾਰ ਕੌਣ ਕਰਦਾ ਹੈ ?
(viii) ਪੰਜਾਬੀ ਬੋਲੀ ਬਾਰੇ ਕਵੀ ਨੇ ਕੀ ਵਿਚਾਰ ਪੇਸ਼ ਕੀਤੇ ਹਨ ?
(ix) ਦੁਨੀਆਂ ਪੰਜਾਬੀਆਂ ਬਾਰੇ ਕੀ ਕਹਿੰਦੀ ਹੈ ?

**2. ਹੇਠ ਲਿਖੀਆਂ ਕਾਵਿ-ਸਤਰਾਂ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :**

ਗੁਰ ਗੋਬਿੰਦ, ਸਾਡਾ ਪ੍ਰੇਮ ਪਟੋਲਾ,
ਰੰਗ-ਮਜੀਠੇ ਧੁਰ ਤੋਂ ਰੰਗਿਆ।
ਤਾਹੀਉਂ ਰਣ ਵਿਚ ਮੌਤ ਸੁਹਾਗਣ,
ਰੱਤ ਦਾ ਕੁੰਗੂ ਸਾਥੋਂ ਮੰਗਿਆ।

(i) ਇਨ੍ਹਾਂ ਕਾਵਿ-ਸਤਰਾਂ ਦੇ ਕਵੀ ਅਤੇ ਰਚਨਾ ਦਾ ਨਾਂ ਦੱਸੋ।
(ii) 'ਪ੍ਰੇਮ ਪਟੋਲਾ' ਤੋਂ ਕੀ ਭਾਵ ਹੈ? ਸਾਡਾ ਪ੍ਰੇਮ ਪਟੋਲਾ ਕੌਣ ਹੈ ?
(iii) 'ਧੁਰ' ਤੋਂ ਅਸੀਂ ਕਿਹੜੇ ਰੰਗ ਵਿੱਚ ਰੰਗੇ ਹੋਏ ਹਾਂ ?

**3. ਹੇਠ ਲਿਖੀਆਂ ਕਾਵਿ-ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

ਦੁਨੀਆਂ ਕਹੇ ਪੰਜਾਬੀ ਦਾਤੇ,
ਮਾਨਵਤਾ ਦੇ ਨੂਰ ਮੁਨਾਰੇ।
ਦਬ ਕੇ ਵਾਹੁੰਦੇ, ਰੱਜ ਕੇ ਖਾਂਦੇ,
ਵੰਡ ਕੇ ਛਕਦੇ ਭਰੇ ਭੰਡਾਰੇ।

## ਆਉ ਕੁਝ ਹੋਰ ਕਰੀਏ

### ੳ. ਪਾਠ ਤੋਂ ਅੱਗੇ :

(i) ਪੰਜਾਬ ਤੋਂ ਭਾਵ ਹੈ—ਪੰਜ ਆਬ (ਪੰਜ ਪਾਣੀ)। ਇਹ ਪੰਜ ਆਬ ਕਿਹੜੇ ਹਨ ਤੇ ਇਨ੍ਹਾਂ ਦੇ ਇਲਾਕੇ ਵਿੱਚ ਪੰਜਾਬੀ ਕਿਹੜੇ ਰੂਪ ਵਿੱਚ ਬੋਲੀ ਜਾਂਦੀ ਹੈ। ਇਸ ਬੋਲੀ ਨੂੰ ਦਰਸਾਉਂਦਾ ਚਾਰਟ ਤਿਆਰ ਕਰੋ।
(ii) ਪੰਜਾਬ ਦੀ ਧਰਤੀ 'ਤੇ ਕਿਹੜੇ ਧਾਰਮਕ ਗ੍ਰੰਥਾਂ ਦੀ ਰਚਨਾ ਹੋਈ ਹੈ। ਕੋਈ ਦੋ ਗ੍ਰੰਥਾਂ ਬਾਰੇ ਜਾਣਕਾਰੀ ਇਕੱਤਰ ਕਰੋ।
(iii) ਕੀ ਤੁਸੀਂ ਸਾਰੇ ਦੇਸੀ ਮਹੀਨਿਆਂ ਦੇ ਨਾਂ ਜਾਣਦੇ ਹੋ ? ਤਰਤੀਬਵਾਰ ਲਿਖੋ।
(iv) ਕੀ ਤੁਸੀਂ 'ਦੱਬ ਕੇ ਵਾਹ ਤੇ ਰੱਜ ਕੇ ਖਾਹ' ਅਖਾਣ ਬਾਰੇ ਕਦੇ ਸੁਣਿਆ ਹੈ। ਕਿਸਾਨ ਦੇ ਹਵਾਲੇ ਨਾਲ ਇਸ ਬਾਰੇ ਇੱਕ ਪੈਰਾ ਰਚਨਾ ਕਰੋ।
(v) ਪੰਜ ਦਰਿਆਵਾਂ ਦੀ ਧਰਤੀ ਪੰਜਾਬ ਉਪਰ ਹੁਣ ਅਸਲ ਵਿੱਚ ਕਿੰਨੇ ਦਰਿਆ ਵਗਦੇ ਹਨ ? ਉਨ੍ਹਾਂ ਦੇ ਨਾਂ ਤੇ ਨਕਸ਼ੇ ਸਮੇਤ ਵਿਸਤਾਰ ਵਿੱਚ ਜਾਣਕਾਰੀ ਦਿਉ।

### ਅ. ਪਾਠ ਦੇ ਆਧਾਰ 'ਤੇ ਠੀਕ ( ✔ ) ਜਾਂ ਗ਼ਲਤ ( ✖ ) ਦਾ ਨਿਸ਼ਾਨ ਬਣਾਉ :

(i) ਜੇਠ ਦੇ ਮਹੀਨੇ ਵਿੱਚ ਬਹੁਤ ਸਰਦੀ ਪੈਂਦੀ ਹੈ। ☐
(ii) ਰੰਗੂ ਮਜੀਠਾ ਨੀਲੇ ਰੰਗ ਦਾ ਹੁੰਦਾ ਹੈ। ☐
(iii) ਗਿੱਧਾ ਕੁੜੀਆਂ ਪਾਉਂਦੀਆਂ ਹਨ। ☐
(iv) ਗੁਰੂ ਨਾਨਕ ਸਾਡਾ ਪ੍ਰੇਮ ਪਟੋਲਾ ਹੈ। ☐
(v) ਵੇਦ ਤੇ ਗ੍ਰੰਥ ਪੰਜਾਬ ਤੋਂ ਬਾਹਰ ਰਚੇ ਗਏ। ☐

**ਏ. ਖਾਲੀ ਥਾਵਾਂ ਭਰੋ :**

(i) ਪੰਜਾਬੀ ... ਦੇ ਧਨੀ ਹਨ।

(ii) ਪੰਜਾਬੀਆਂ ਨੂੰ ਆਪਣੀ ... ਦਸਤਾਰ 'ਤੇ ਮਾਣ ਹੈ।

(iii) ... ਨੂੰ ਪੰਜਾਬੀ ਆਪਣੇ ਗਲ ਦਾ ਹਾਰ ਮੰਨਦੇ ਹਨ।

(iv) ਤਲਵਾਰ ਦੀ ... ਦੀ ਸਿਖ਼ਰ ਦੁਪਹਿਰ ਨਾਲ ਤੁਲਨਾ ਕੀਤੀ ਗਈ ਹੈ।

(v) ਪੰਜਾਬੀ ਦੁਸ਼ਮਨ ਉੱਪਰ ... ਬਣ ਕੇ ਡਿਗਦੇ ਹਨ।

| | | |
|---|---|---|
| ਸਤਰੰਗੀ | | ਜੇਠ |
| | ਤੇਗ | |
| ਫਤਹਿ | | ਬਿਜਲੀ |

**ਸ. ਜੋੜੇ ਬਣਾਉ :**

| | |
|---|---|
| ਹੀਰ | ਪ੍ਰੇਮ ਪਟੋਲਾ |
| ਗੁਰੂ ਗੋਬਿੰਦ | ਮਾਖਿਓਂ |
| ਬਿਜਲੀ | ਰਾਂਝਾ |
| ਬੋਲੀ | ਗੋਬਿੰਦ ਸਾਗਰ |

**ਹ. ਵਿਰੋਧੀ ਸ਼ਬਦ ਲਿਖੋ :**

(i) ਮੌਤ ...

(ii) ਭਰਿਆ ...

(iii) ਧਨੀ ...

(iv) ਰੱਖਿਆ ...

**ਕ. ਜਿਵੇਂ 'ਗਿੱਧੇ' ਵਿਚ 'ਗਿੱਧਾ ਪਾਈਦਾ ਹੈ' ਬੋਲਿਆ ਜਾਂਦਾ ਹੈ, ਉਸ ਤਰ੍ਹਾਂ ਹੇਠ ਲਿਖੇ ਸ਼ਬਦਾਂ ਦੀ ਪ੍ਰਵਿਰਤੀ ਦੱਸੋ :**

(i) ਭੰਗੜਾ ...

(ii) ਫੁੱਲ ...

(iii) ਝਾਂਜਰ ...

(iv) ਨਦੀਆਂ ...

**ਖ. ਵਾਕ ਬਣਾਉ :**

(i) ਦੱਬ ਕੇ ਵਾਹ ਤੇ ਰੱਜ ਕੇ ਖਾਹ ... ... ... ...

(ii) ਵੰਡ ਕੇ ਛਕਣਾ ... ... ... ...

(iii) ਛੈਲ ਛਬੀਲੇ ... ... ... ...

(iv) ਰੱਖਿਆ ਕਰਨੀ ... ... ... ...

(v) ਸੱਤ ਪੱਤਰਾਂ ਦੇ ਤਾਰੂ ... ... ... ...

(vi) ਲੋਰੀ ਦੇਣੀ ... ... ... ...

# ਕਵਿਤਾ

## ਪ੍ਰਭਜੋਤ ਕੌਰ



### ਸ਼ਖ਼ਸੀਅਤ ਤੇ ਰਚਨਾ

ਪ੍ਰਭਜੋਤ ਕੌਰ ਦਾ ਜਨਮ 1923 ਈ. ਨੂੰ ਪਿੰਡ ਲਾਂਗੜਿਆਲ, ਜ਼ਿਲ੍ਹਾ ਗੁਜਰਾਤ, ਪੱਛਮੀ ਪੰਜਾਬ ਵਿਖੇ ਪਿਤਾ ਨਿਧਾਨ ਸਿੰਘ ਸੱਚਰ ਦੇ ਘਰ ਮਾਤਾ ਰਾਜਿੰਦਰ ਕੌਰ ਦੀ ਕੁੱਖੋਂ ਹੋਇਆ। ਉਹ ਪੰਜਾਬੀ ਸਾਹਿਤ ਜਗਤ ਦੀ ਪ੍ਰਸਿੱਧ ਕਵਿੱਤਰੀ ਹਨ। ਉਨ੍ਹਾਂ ਦੇ ਕਾਵਿ-ਸੰਗ੍ਰਹਿ 'ਪੱਬੀ' ਨੂੰ ਭਾਰਤੀ ਸਾਹਿਤ ਅਕਾਦਮੀ ਵੱਲੋਂ ਪੰਜਾਬੀ ਦੀ ਸ਼ਿਰੋਮਣੀ ਰਚਨਾ ਵਜੋਂ ਸਨਮਾਨਿਤ ਕੀਤਾ ਗਿਆ ਸੀ। ਉਹ ਨਾਰੀ-ਸੰਵੇਦਨਾ ਦਾ ਪ੍ਰਗਟਾਵਾ ਬੜੇ ਸਹਿਜ ਅਤੇ ਸੁਭਾਵਿਕ ਢੰਗ ਨਾਲ ਕਰਦੇ ਹਨ। ਉਨ੍ਹਾਂ ਨੇ ਮਾਨਵੀ ਚੇਤਨਾ ਵਿੱਚ ਪੈਦਾ ਹੋਣ ਵਾਲੀਆਂ ਲਹਿਰਾਂ ਨੂੰ ਕਲਮਬੰਦ ਕੀਤਾ ਹੈ। ਉਨ੍ਹਾਂ ਦੇ ਪ੍ਰਮੁੱਖ ਕਾਵਿ-ਸੰਗ੍ਰਹਿ ਹਨ—'ਲਟ ਲਟ ਜੋਤ ਜਗੇ' (1943), 'ਪਲਕਾਂ ਓਹਲੇ' (1944), 'ਮਨਜ਼ਲ ਤੋਂ' (1946), 'ਸੁਪਨੇ ਸਧਰਾਂ' (1949), 'ਪੰਖੇਰੂ' (1956), 'ਬਣਕ ਪਾਸੀ' (1958), 'ਪੱਬੀ' (1960) ਅਤੇ 'ਖਾੜੀ' (1967)। ਉਨ੍ਹਾਂ ਨੂੰ ਅਨੇਕਾਂ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਸੰਸਥਾਵਾਂ ਵੱਲੋਂ ਵੀ ਸਨਮਾਨਿਤ ਕੀਤਾ ਗਿਆ ਹੈ। ਵਿਸ਼ੇਸ਼ ਤੌਰ 'ਤੇ ਉਨ੍ਹਾਂ ਨੂੰ ਭਾਰਤ ਦੇ ਸਰਬ-ਉੱਚ ਸਨਮਾਨ ਪਦਮ ਸ੍ਰੀ ਨਾਲ ਸਨਮਾਨਤ ਕੀਤਾ ਜਾ ਚੁੱਕਿਆ ਹੈ।

### ਧਰਤ ਧਿਆਈਏ

ਆਓ,
ਧਰਤ ਧਿਆਈਏ
ਗਗਨ ਭੁਲਾਈਏ!
ਜਾਣੀ ਦਾ
ਉਹ
ਸਾਡੇ ਨਾਲ ਰੁਸ
ਗਈ ਹੈ।

#### ਔਖੇ ਸ਼ਬਦਾਂ ਦੇ ਅਰਥ

| | |
|---|---|
| ਧਰਤ | : ਜ਼ਮੀਨ, ਭੋਂ |
| ਧਿਆਈਏ | : ਯਾਦ ਕਰੀਏ, ਪੂਜਾ ਕਰੀਏ |
| ਗਗਨ | : ਅਕਾਸ਼ |
| ਰੁਸ | : ਨਰਾਜ਼ |

ਖੂਹਣੀਆਂ ਪੁਰਾਤਨ
ਸਾਡੀ ਮਾਂ
ਜਦੋਂ ਸਾਡੇ ਵਲੋਂ ਨਿਰਾਸ ਹੋ ਗਈ
ਤਾਂ
ਡਾਹਢੀ
ਉਦਾਸ ਹੋ ਗਈ
ਪਰ ਉਸਨੇ ਸਾਨੂੰ ਨਹੀਂ ਭੁਲਾਇਆ
ਅਸਾਂ ਹੀ ਉਸਨੂੰ ਭੁਲਾਇਆ

ਅਸੀਂ
ਪੁਲਾੜਾਂ ਦਾ ਚੱਕਰ ਲਗਾਇਆ
ਚੰਨਾਂ ਤਾਰਿਆਂ
ਤੇ ਸਿਆਰਿਆਂ ਨਾਲ ਖੇਡਦੇ
ਦੂਰ ਨਿਕਲ ਗਏ
ਤੇ ਧਰਤ ਨੂੰ ਭੁੱਲ ਗਏ
ਕਿ ਧਰਤ ਨਹੀਂ
ਤਾਂ ਪੈਰ ਕਿੱਥੇ ਰੱਖਾਂਗੇ
ਅੰਨ ਕਿਥੋਂ ਚੱਖਾਂਗੇ
ਸਾਡੀ ਬੇਪਰਵਾਹੀ
ਵਾਹ ! ਵਾਹ !



ਧਰਤੀ ਨੇ ਆਪ ਹੀ
ਸਾਨੂੰ ਪਿਆਰਿਆ
ਤੇ ਦੁਲਾਰਿਆ!

ਆਉ ਅੱਜ ਉਸ ਨੂੰ ਮਨਾਈਏ
ਪਿਆਰੀਏ ਤੇ ਰੀਝਾਈਏ
ਕਿ ਉਹ ਮੁਸਕਰਾ ਪਵੇ
ਤੇ ਮੌਨ ਰੋਸ ਲਾਹ ਕੇ
ਸਾਡੇ ਨਾਲ
ਫਿਰ ਤੋਂ ਬਾਤਾਂ ਪਾਵੇ
ਤੇ ਸਾਨੂੰ ਖੂਹਣੀਆਂ ਪੁਰਾਣੀਆਂ
ਕਥਾਵਾਂ ਸੁਣਾਵੇ।

**ਔਖੇ ਸ਼ਬਦਾਂ ਦੇ ਅਰਥ**

ਖੂਹਣੀਆਂ : ਸਦੀਆਂ
ਪੁਰਾਤਨ : ਪੁਰਾਣੀ
ਨਿਰਾਸ : ਉਦਾਸ
ਡਾਹਢੀ : ਬਹੁਤ ਜ਼ਿਆਦਾ
ਪੁਲਾੜਾਂ : ਅਸਮਾਨਾਂ
ਸਿਆਰਿਆਂ : ਉਪ-ਗ੍ਰਹਿ
ਅੰਨ : ਅਨਾਜ
ਰੀਝਾਈਏ : ਪ੍ਰਸੰਨ ਕਰੀਏ
ਰੋਸ : ਗੁੱਸਾ
ਬਾਤਾਂ : ਕਹਾਣੀਆਂ

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਬੁਝਾਰਤਾਂ | : ਪਹੇਲੀਆਂ |
| ਘਰੋਂ ਘਾਟੋਂ | : ਘਰ-ਬਾਰ ਤੋਂ |
| ਪੋਟਲੀ | : ਥੈਲੀ |
| ਪਰਤਣਾ | : ਵਾਪਸ ਆਉਣਾ |
| ਅਸੀਸ | : ਅਸ਼ੀਰਵਾਦ |
| ਸੁੱਖੀ-ਸਾਂਦੀ | : ਠੀਕ-ਠਾਕ |
| ਮੁੜ ਆਵਾਂ | : ਵਾਪਸ ਆਵਾਂ |
| ਪੌਣਾਂ | : ਹਵਾਵਾਂ |
| ਚੰਨਾਂ | : ਬਹੁਤ ਸਾਰੇ ਚੰਦਰਮਾਂ |
| ਪਰਚਾਓ | : ਖੇਡੋ |
| ਮਨਾਓ | : ਮਨਾਉਣਾ |
| ਸਭਨਾਂ | : ਸਾਰਿਆਂ |
| ਮਨੁੱਖ | : ਇਨਸਾਨ |

ਕੁਝ ਬੁਝਾਰਤਾਂ ਪਾਵੇ
ਮੱਥਿਆਂ ਨੂੰ ਜਗਾਵੇ
ਕਿ ਅਸੀਂ ਫਿਰ ਮਨੁੱਖ ਬਣ ਜਾਈਏ

ਗਗਨਾਂ ਵਿਚ ਉੱਡਣਾ
ਤਾਂ ਹੁਣ ਸਾਥੀਓ
ਬਹੁਤ ਸੌਖਾ ਹੈ
ਧਰਤ 'ਤੇ ਉਤਰਨਾ ਹੀ
ਔਖਾ ਹੈ !
ਕਹਿੰਦੇ ਹਨ
ਕਿ ਇਕ ਵਾਰੀ
ਪੈਰ ਜ਼ਮੀਨ ਤੋਂ ਉੱਠਿਆ
ਤਾਂ ਮਨੁੱਖ ਘਰੋਂ ਘਾਟੋਂ ਗਿਆ।

ਜਦੋਂ ਪਹਿਲੀ ਵਾਰ
ਮੈਂ ਹਵਾਈ-ਅੱਡੇ 'ਤੇ ਗਈ
ਤਾਂ ਮੇਰੀ ਮਾਂ ਨੇ
ਇਕ ਮਿੱਟੀ ਦੀ ਪੋਟਲੀ
ਮੇਰੇ ਹੱਥ ਫੜਾਈ
ਤੇ ਕਿਹਾ :
''ਇਹ ਨਾਲ ਲੈ ਜਾ
ਤੈਨੂੰ ਪਰਤਣਾ ਯਾਦ ਰਹੇਗਾ''
ਇਹ ਉਸਦੀ ਅਸੀਸ ਸੀ
ਕਿ ਸੁੱਖੀ-ਸਾਂਦੀ
ਮੁੜ ਆਵਾਂ
ਏਸੇ ਲਈ
ਮੈਂ ਕਹਿੰਦੀ ਹਾਂ
ਦੁਹਰਾਂਦੀ ਹਾਂ
ਕਿ ਜਾਓ
ਪੌਣਾਂ ਵਿੱਚ ਖੇਡੋ
ਸਿਆਰਿਆਂ ਨੂੰ ਗੇਂਦ ਬਣਾਓ
ਤੇ ਚੰਨਾਂ ਸੂਰਜਾਂ ਦੀ
ਪਤੰਗ ਉਡਾਓ !

ਪਰ ਧਰਤ ਨੂੰ ਰਿਝਾਓ
ਪਰਚਾਓ ਤੇ ਮਨਾਓ
ਉਸਨੂੰ ਉਦਾਸ ਨਾ ਕਰੋ !
ਉਹ ਸਾਡੀ ਮਾਂ ਹੈ !
ਸਭਨਾਂ ਦੀ !

## ਟਿੱਪਣੀ

ਉਪਰੋਕਤ ਕਵਿਤਾ ਅਨੁਸਾਰ ਸਾਨੂੰ ਆਪਣੀ ਧਰਤੀ ਮਾਂ ਨੂੰ ਯਾਦ ਰੱਖਣਾ ਚਾਹੀਦਾ ਹੈ। ਇਸ ਨੂੰ ਕਦੇ ਵੀ ਨਹੀਂ ਭੁਲਾਉਣਾ ਚਾਹੀਦਾ। ਕਵਿੱਤਰੀ ਧਰਤੀ ਉੱਪਰ ਵਾਹੀਆਂ ਲਕੀਰਾਂ ਨੂੰ ਯਾਦ ਕਰਦੀ ਹੈ। ਉਸ ਨੂੰ ਹੁਣ ਧਰਤੀ ਅਤੇ ਅਕਾਸ਼ ਦੇ ਰੁੱਸ ਜਾਣ ਦਾ ਗ਼ਮ ਹੈ। ਉਹ ਚਿਤਾਵਨੀ ਦਿੰਦੀ ਹੈ ਕਿ ਅਸੀਂ ਚੰਨ ਤਾਰਿਆਂ ਉੱਪਰ ਪਹੁੰਚ ਕੇ ਹੌਲੀ-ਹੌਲੀ ਧਰਤੀ ਨੂੰ ਭੁੱਲ ਰਹੇ ਹਾਂ। ਪਰ ਧਰਤੀ ਆਪ ਪਿਆਰ ਕਰਦੀ ਹੈ। ਉਹ ਆਪ ਬੁਲਾਉਂਦੀ ਹੈ। ਕਵਿੱਤਰੀ ਸੁਚੇਤ ਕਰਦੀ ਹੈ ਕਿ ਭਾਵੇਂ ਅਸਮਾਨ 'ਤੇ ਉੱਡਣਾ ਅਸਾਨ ਹੋ ਗਿਆ ਹੈ ਪਰ ਧਰਤੀ ਉੱਪਰ ਵਿਚਰਨਾ ਮੁਸ਼ਕਿਲ ਹੁੰਦਾ ਜਾ ਰਿਹਾ ਹੈ। ਉਹ ਭਾਵੁਕ ਹੋ ਕੇ ਵਿਦੇਸ਼ ਜਾਣ ਸਮੇਂ ਹਵਾਈ ਅੱਡੇ ਉੱਪਰ ਆਪਣੀ ਮਾਂ ਵਲੋਂ ਦਿੱਤੀ ਮਿੱਟੀ ਦੀ ਪੋਟਲੀ ਦਾ ਹਵਾਲਾ ਦਿੰਦੀ ਹੈ। ਭਾਵ ਮਿੱਟੀ ਨੂੰ ਵੇਖ ਕੇ ਉਸ ਨੂੰ ਆਪਣੀ ਧਰਤੀ ਮਾਂ ਦੀ ਯਾਦ ਆਵੇਗੀ। ਕਵਿੱਤਰੀ ਪੁਰਜ਼ੋਰ ਅਪੀਲ ਕਰਦੀ ਹੈ ਕਿ ਤੁਸੀਂ ਉੱਚੀਆਂ ਹਵਾਵਾਂ ਵਿੱਚ ਉੱਡੋ, ਚੰਨ ਤਾਰਿਆਂ ਨਾਲ ਖੇਡੋ ਤੇ ਖੁੱਲ੍ਹੇ ਆਕਾਸ਼ ਵਿੱਚ ਉਡਾਰੀਆਂ ਲਾਉ। ਪਰ ਧਰਤੀ ਮਾਂ ਦਾ ਦਿਲ ਨਾ ਦੁਖਾਓ ਸਗੋਂ ਇਸ ਨੂੰ ਖੁਸ਼ਹਾਲ ਬਣਾਉਣ ਦੀ ਕੋਸ਼ਿਸ਼ ਕਰੋ ਕਿਉਂਕਿ ਇਹ ਸਾਡੀ ਸਾਰਿਆਂ ਦੀ ਮਾਂ ਹੈ।

## ਅਭਿਆਸ

**1. ਦੱਸੋ ਖਾਂ ਭਲਾ :**

(i) ਇਸ ਕਵਿਤਾ ਵਿੱਚ ਕਿਸ ਨੂੰ ਧਿਆਉਣ ਦੀ ਗੱਲ ਕੀਤੀ ਜਾ ਰਹੀ ਹੈ।
(ii) ਕਵਿਤਾ ਅਨੁਸਾਰ ਕਿਸ ਨੇ ਕਿਸ ਨੂੰ ਕਿਉਂ ਭੁਲਾ ਦਿੱਤਾ ਹੈ ?
(iii) 'ਪੁਲਾੜਾਂ ਦਾ ਚੱਕਰ ਲਾਉਂਦਿਆਂ' ਕਿਸ ਚੀਜ਼ ਦਾ ਪ੍ਰਤੀਕ ਹੈ।
(iv) ਜੇਕਰ ਇਹ ਧਰਤੀ ਨਾ ਰਹੀ ਤਾਂ ਮਨੁੱਖ ਦਾ ਜੀਵਨ ਕਿਹੋ-ਜਿਹਾ ਹੋਵੇਗਾ ?
(v) ਕਿਹੜੀਆਂ ਬਾਤਾਂ ਦੀ ਗੱਲ ਕੀਤੀ ਜਾ ਰਹੀ ਹੈ ?
(vi) ਵਿਦੇਸ਼ ਜਾਂਦੇ ਸਮੇਂ ਕਵਿੱਤਰੀ ਨੂੰ ਕੌਣ ਸੁਨੇਹਾ ਦੇ ਰਿਹਾ ਹੈ ਤੇ ਕਿਉਂ ?
(vii) ਇਕ ਜਨਮ ਦੇਣ ਵਾਲੀ ਮਾਂ ਹੈ। ਰਚਨਾ ਵਿੱਚ ਦੂਜੀ ਮਾਂ ਕਿਸ ਨੂੰ ਸੰਬੋਧਨ ਕੀਤਾ ਗਿਆ ਹੈ ?
(viii) ਕਵਿਤਾ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ।

**2. ਹੇਠ ਲਿਖੀਆਂ ਕਾਵਿ-ਸਤਰਾਂ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :**

ਗਗਨਾਂ ਵਿਚ ਉੱਡਣਾ
ਤਾਂ ਹੁਣ ਸਾਥੀਓ

ਬਹੁਤ ਸੌਖਾ ਹੈ
ਧਰਤ 'ਤੇ ਉਤਰਨਾ ਹੀ
ਔਖਾ ਹੈ !
ਕਹਿੰਦੇ ਹਨ
ਕਿ ਇਕ ਵਾਰੀ
ਪੈਰ ਜ਼ਮੀਨ ਤੋਂ ਉੱਠਿਆ
ਤਾਂ ਮਨੁੱਖ ਘਰੋਂ ਘਾਟੋਂ ਗਿਆ।

(i) ਉਪਰੋਕਤ ਸਤਰਾਂ ਅਨੁਸਾਰ ਗਗਨਾਂ ਵਿੱਚ ਕੌਣ ਉੱਡਣਾ ਚਾਹੁੰਦਾ ਹੈ ?
(ii) 'ਧਰਤ' ਸ਼ਬਦ ਦਾ ਅਰਥ ਦੱਸੋ ?
(iii) ਰਚਨਾ ਅਤੇ ਰਚਨਾਕਾਰ ਦਾ ਨਾਂ ਦੱਸੋ ?
(iv) ਪੈਰ ਜ਼ਮੀਨ ਤੋਂ ਉੱਠਣ ਦਾ ਕੀ ਭਾਵ ਹੈ ?

**3. ਹੇਠ ਲਿਖੀਆਂ ਕਾਵਿ-ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

ਆਉ ਅੱਜ ਉਸ ਨੂੰ ਮਨਾਈਏ
ਪਿਆਰੀਏ ਤੇ ਰੀਝਾਈਏ
ਕਿ ਉਹ ਮੁਸਕਰਾ ਪਵੇ
ਤੇ ਮੌਨ ਰੋਸ ਲਾਹ ਕੇ
ਸਾਡੇ ਨਾਲ
ਫਿਰ ਤੋਂ ਬਾਤਾਂ ਪਾਵੇ
ਤੇ ਸਾਨੂੰ ਖੂਹਣੀਆਂ ਪੁਰਾਣੀਆਂ
ਕਥਾਵਾਂ ਸੁਣਾਵੇ।
ਕੁਝ ਬੁਝਾਰਤਾਂ ਪਾਵੇ
ਮੱਥਿਆਂ ਨੂੰ ਜਗਾਵੇ
ਕਿ ਅਸੀਂ ਫਿਰ ਮਨੁੱਖ ਬਣ ਜਾਈਏ

## ਆਈ ਆਈ ਨਵੀਂ ਸਵੇਰ

ਆਈ ਆਈ ਨਵੀਂ ਸਵੇਰ।
ਜਦ ਤਾਂਘਾਂ ਨੇ ਲਗਨ ਲਗਾਈ
ਮੰਜ਼ਲ ਆਪੇ ਹੀ ਚੱਲ ਆਈ
ਸਭ ਸੱਧਰਾਂ ਡੁਲ੍ਹ ਝੋਲੀ ਪਈਆਂ
ਤਾਰਿਆਂ ਭਰੀ ਚੰਗੇਰ !
ਆਈ ਆਈ ਨਵੀਂ ਸਵੇਰ।

**ਔਖੇ ਸ਼ਬਦਾਂ ਦੇ ਅਰਥ**

ਤਾਂਘਾਂ : ਇੱਛਾਵਾਂ
ਸੱਧਰਾਂ : ਉਮੀਦਾਂ
ਡੁਲ੍ਹ : ਖਿੱਲਰ ਕੇ
ਚੰਗੇਰ : ਚੰਗਾ

ਹਰ ਕਾਮੇ ਨੇ ਮਿਹਨਤ ਕਰਨੀ
ਹਰ ਕਰਨੀ ਨੇ ਹਾਮੀ ਭਰਨੀ
ਹਰ ਜੀਵਨ ਨੂੰ ਸਵਰਗ ਬਨਾਣੈ
ਹੁਣ ਕੋਈ ਤੇਰ ਨਾ ਮੇਰ !

ਖਿਲਰੀ ਅੱਜ ਉਸ਼ਾ ਦੀ ਲਾਲੀ
ਲੱਖ ਰੀਝਾਂ, ਲੱਖ ਸਧਰਾਂ ਵਾਲੀ
ਅੱਜ ਆਇਆ ਹੈ ਸਮਾਂ ਸੁਹਾਣਾ
ਅੱਜ ਪੁਰਾਣੀ ਕੁੰਜ ਨੂੰ ਲਾਹਣਾ
ਲੈਣਾ ਜਗ ਪਰੇਰ !
ਆਈ ਆਈ ਨਵੀਂ ਸਵੇਰ !

## ਟਿੱਪਣੀ

ਇਸ ਰਚਨਾ ਵਿੱਚ ਕਵਿੱਤਰੀ ਅਨੁਸਾਰ ਸਵੇਰ ਹੁੰਦੇ ਹੀ ਮਨ ਵਿੱਚ ਨਵੀਆਂ ਉਮੀਦਾਂ ਦੀ ਲਗਨ ਜਾਗ ਉਠਦੀ ਹੈ। ਇਉਂ ਲੱਗਦਾ ਹੈ ਜਿਵੇਂ ਜੀਵਨ ਦੀ ਮੰਜ਼ਲ (ਉਦੇਸ਼) ਆਪਣੇ-ਆਪ ਸਾਹਮਣੇ ਆ ਗਈ ਹੋਵੇ। ਸਾਰੀਆਂ ਇੱਛਾਵਾਂ ਝੋਲੀ ਵਿੱਚ ਆ ਪਈਆਂ ਹੋਣ। ਜਿਵੇਂ ਅਕਾਸ਼ ਵਿੱਚ ਖਿੱਲਰੇ ਹੋਏ ਤਾਰੇ ਚੰਗੇ ਲੱਗਦੇ ਹਨ ਇਸੇ ਤਰ੍ਹਾਂ ਆਪਣਾ ਆਲਾ-ਦੁਆਲਾ ਖੁਸ਼ੀ ਨਾਲ ਭਰਿਆ ਹੋਇਆ ਮਹਿਸੂਸ ਹੁੰਦਾ ਹੈ। ਹਰ ਮਨੁੱਖ ਭਾਵੇਂ ਉਹ ਮਜ਼ਦੂਰ ਹੋਵੇ ਜਾਂ ਸ਼ਾਹੂਕਾਰ ਸਾਰਿਆਂ ਨੇ ਆਪਣੇ ਜੀਵਨ ਵਿੱਚ ਮਿਹਨਤ ਕਰਨੀ ਹੁੰਦੀ ਹੈ। ਜੇਕਰ ਸਮਾਜ ਵਿੱਚ ਆ ਕੇ ਚੰਗੇ ਕੰਮ ਕਰਦੇ ਹਾਂ ਤਾਂ ਉਸ ਦੀ ਹਾਮੀ ਭਰਨ ਵਾਲੇ ਸਾਹਮਣੇ ਆ ਖੜ੍ਹੋਂਦੇ ਹਨ। ਅਸੀਂ ਸਾਰਿਆਂ ਦੇ ਜੀਵਨ ਨੂੰ ਸਵਰਗ ਬਣਾਈਏ ਤਾਂ ਜੋ ਸਾਡੇ ਵਿੱਚ ਤੇਰੇ-ਮੇਰੇ ਦੀ ਭਾਵਨਾ ਮਿਟ ਜਾਵੇ। ਹਰ ਪਾਸੇ ਸਵੇਰ ਦੇ ਸੂਰਜ ਦੀ ਲਾਲੀ ਫੈਲੀ ਹੋਈ ਹੈ ਜੋ ਕਿ ਲੱਖਾਂ ਉਮੀਦਾਂ ਤੇ ਲੱਖਾਂ ਇੱਛਾਵਾਂ ਨੂੰ ਪੂਰਾ ਕਰਨ ਵਾਲੀ ਹੈ। ਇਉਂ ਲੱਗਦਾ ਹੈ ਕਿ ਅੱਜ ਬਹੁਤ ਹੀ ਸੋਹਣਾ ਸਮਾਂ ਆਇਆ ਹੈ ਤੇ ਇਸ ਪਾਸੇ ਅਸੀਂ ਸਮੁੱਚੇ ਜੱਗ ਨੂੰ ਪੇਰਨਾ ਹੈ ਕਿ ਆਉ ਮਿਲ ਕੇ ਨਵੀਂ ਸਵੇਰ ਦਾ ਆਨੰਦ ਮਾਣੀਏ।

## ਅਭਿਆਸ

**1. ਦੱਸੋ ਖਾਂ ਭਲਾ :**

(i) ਮਨੁੱਖ ਦੇ ਜੀਵਨ ਵਿੱਚ ਕਿਸ ਨੇ ਤਾਂਘ ਜਗਾਈ ਹੈ ?
(ii) ਸਵੇਰ ਦੇ ਵੇਲੇ ਸਾਡੇ ਮਨ ਵਿੱਚ ਕਿਹੋ-ਜਿਹੇ ਖ਼ਿਆਲ ਪ੍ਰਗਟ ਹੁੰਦੇ ਹਨ ?
(iii) ਹਰ ਮਨੁੱਖ ਨੇ ਕੀ ਕਾਰਜ ਕਰਨੇ ਹਨ ?
(iv) ਕਿਸ ਨੂੰ ਸਵਰਗ ਬਣਾਉਣਾ ਹੈ ?
(v) ਹਰ ਪਾਸੇ ਕਿਸ ਦੀ ਲਾਲੀ ਫੈਲੀ ਹੋਈ ਹੈ ?
(vi) ਰਚਨਾ ਵਿੱਚ ਕਿਹੜੇ ਸੁਹਾਣੇ ਸਮੇਂ ਦੀ ਗੱਲ ਕੀਤੀ ਗਈ ਹੈ ?
(vii) ਜਗ ਨੂੰ ਕਿਸ ਗੱਲ ਲਈ ਪ੍ਰੇਰਿਤ ਕਰਨਾ ਹੈ ?

### ਔਖੇ ਸ਼ਬਦਾਂ ਦੇ ਅਰਥ

ਕਾਮੇ : ਮਜ਼ਦੂਰ
ਹਾਮੀ : ਹਾਂ ਭਰਨੀ
ਤੇਰ : ਤੇਰੀ
ਮੇਰ : ਮੇਰੀ
ਖਿਲਰੀ : ਫੈਲ ਗਈ
ਉਸ਼ਾ : ਸਵੇਰ
ਰੀਝਾਂ : ਇੱਛਾਵਾਂ
ਸੁਹਾਣਾ : ਸੋਹਣਾ
ਕੁੰਜ : ਪੁਰਾਣੇ ਵਿਚਾਰ ਤਿਆਗਣੇ
ਲਾਹਣਾ : ਉਤਾਰਨਾ
ਪਰੇਰ : ਪ੍ਰੇਰਿਤ ਕਰਨਾ



**2. ਹੇਠ ਲਿਖੀਆਂ ਕਾਵਿ-ਸਤਰਾਂ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :**

ਹਰ ਕਾਮੇ ਨੇ ਮਿਹਨਤ ਕਰਨੀ
ਹਰ ਕਰਨੀ ਨੇ ਹਾਮੀ ਭਰਨੀ
ਹਰ ਜੀਵਨ ਨੂੰ ਸਵਰਗ ਬਨਾਣੈ
ਹੁਣ ਕੋਈ ਤੇਰ ਨਾ ਮੇਰ!

(i) ਕਵਿਤਾ ਅਤੇ ਕਵੀ ਦਾ ਨਾਂ ਦੱਸੋ ?
(ii) ਰਚਨਾ ਵਿੱਚ ਕਿਸ ਨੂੰ ਮਿਹਨਤ ਕਰਨ ਲਈ ਕਿਹਾ ਗਿਆ ਹੈ ?
(iii) ਕਿਸ ਨੂੰ ਸਵਰਗ ਬਣਾਉਣਾ ਹੈ ?
(iv) 'ਤੇਰ-ਮੇਰ' ਸ਼ਬਦ ਦਾ ਅਰਥ ਦੱਸੋ।

**3. ਹੇਠ ਲਿਖੀਆਂ ਕਾਵਿ-ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

ਆਈ ਆਈ ਨਵੀਂ ਸਵੇਰ।
ਜਦ ਤਾਂਘਾਂ ਨੇ ਲਗਨ ਲਗਾਈ
ਮੰਜ਼ਲ ਆਪੇ ਹੀ ਚੱਲ ਆਈ
ਸਭ ਸੱਧਰਾਂ ਡੁਲ੍ਹ ਝੋਲੀ ਪਈਆਂ
ਤਾਰਿਆਂ ਭਰੀ ਚੰਗੇਰ !
ਆਈ ਆਈ ਨਵੀਂ ਸਵੇਰ।

## ਆਉ ਕੁਝ ਹੋਰ ਕਰੀਏ

### ੳ. ਪਾਠ ਤੋਂ ਅੱਗੇ :

(i) ਮਨੁੱਖ ਸੌਂਦੇ-ਜਾਗਦੇ ਸਮੇਂ ਆਪਣੇ ਮਨ ਵਿੱਚ ਅਨੇਕਾਂ ਇੱਛਾਵਾਂ ਪਾਲਦਾ ਹੈ। ਇਹ ਇੱਛਾਵਾਂ ਚੰਗੀਆਂ ਅਤੇ ਮਾੜੀਆਂ ਹੋ ਸਕਦੀਆਂ ਹਨ। ਸਵੇਰ ਅਤੇ ਸ਼ਾਮ ਦੇ ਸਮੇਂ ਮਨ ਵਿੱਚ ਆਉਂਦੇ ਚੰਗੇ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹੋਏ ਇੱਕ ਲੇਖ ਲਿਖੋ।

(ii) ਅੱਜ ਸਾਡਾ ਵਾਤਾਵਰਣ ਗੰਧਲਾ ਹੁੰਦਾ ਜਾ ਰਿਹਾ ਹੈ। ਅਸੀਂ ਆਪਣੀ ਧਰਤੀ ਦਾ ਰੂਪ ਆਪ ਹੀ ਵਿਗਾੜ ਰਹੇ ਹਾਂ ਜਿਸ ਕਰਕੇ ਪ੍ਰਕਿਰਤੀ ਨਾਲ ਛੇੜਛਾੜ ਕਰਨ ਸਦਕਾ ਨਿੱਤ ਨਵੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਤੁਸੀਂ ਇਸ ਧਰਤੀ ਨੂੰ ਕਿਵੇਂ ਬਚਾਉਂਗੇ ? ਇਸ ਬਾਰੇ ਤਸਵੀਰਾਂ ਸਹਿਤ 'ਪ੍ਰੋਜੈਕਟ' ਤਿਆਰ ਕਰੋ।

(iii) ਪੁਲਾੜ ਵਿੱਚ ਭਾਰਤ ਦੀਆਂ ਪ੍ਰਾਪਤੀਆਂ ਤੇ ਉਪਕਰਨਾਂ ਦੀਆਂ ਤਸਵੀਰਾਂ ਨਾਲ ਇੱਕ ਚਾਰਟ ਤਿਆਰ ਕਰੋ।

(iv) ਸਾਡੇ ਦੇਸ਼ ਨੂੰ ਚੰਗੇਰਾ ਬਣਾਉਣ ਲਈ ਕੀ ਕਰਨ ਦੀ ਲੋੜ ਹੈ।

(v) ਕੀ ਤੁਸੀਂ ਸਵੇਰੇ-ਸਵੇਰੇ ਸੈਰ ਜਾਂ ਕਸਰਤ ਕਰਦੇ ਹੋ ? ਸਵੇਰ ਦੇ ਸਮੇਂ ਦੇ ਕੀ ਲਾਭ ਹਨ। ਇਸ ਬਾਰੇ ਇੱਕ ਪੈਰਾ ਲਿਖੋ।

**ਅ. ਪਾਠ ਦੇ ਆਧਾਰ 'ਤੇ ਠੀਕ ( ✔ ) ਜਾਂ ਗ਼ਲਤ ( ✖ ) ਦੇ ਨਿਸ਼ਾਨ ਬਣਾਉ :**

(i) ਧਰਤੀ ਮਾਂ ਨੂੰ ਧਿਆਉਣ ਦੀ ਗੱਲ ਕਹੀ ਗਈ ਹੈ। ☐

(ii) ਕਵਿਤਾ ਵਿੱਚ ਤੇਰ-ਮੇਰ ਨੂੰ ਉਤਸ਼ਾਹਤ ਕਰਨ ਦੀ ਗੱਲ ਕਹੀ ਗਈ ਹੈ। ☐

(iii) ਵਿਦੇਸ਼ ਜਾਣ ਸਮੇਂ ਮਾਂ, ਬੇਟੀ ਨੂੰ ਮਿੱਟੀ ਦੀ ਪੋਟਲੀ ਦਿੰਦੀ ਹੈ। ☐

(iv) ਧਰਤੀ ਮਾਂ ਨੂੰ ਸਦਾ ਖ਼ੁਸ਼ਹਾਲ ਰੱਖਣਾ ਚਾਹੀਦਾ ਹੈ। ☐

(v) ਚੰਨ ਤਾਰਿਆਂ ਉੱਪਰ ਪਹੁੰਚ ਕੇ ਧਰਤੀ ਨੂੰ ਯਾਦ ਰੱਖਣ ਦੀ ਕੋਈ ਲੋੜ ਨਹੀਂ। ☐

**ੲ. ਖ਼ਾਲੀ ਥਾਵਾਂ ਭਰੋ :**

(i) ਸਵੇਰੇ-ਸਵੇਰੇ ਸੂਰਜ ਦੀ ... ਫੈਲ ਜਾਂਦੀ ਹੈ।

(ii) ਮਜ਼ਦੂਰ ਤੇ ਸ਼ਾਹੂਕਾਰ ਸਾਰਿਆਂ ਨੂੰ ... ਕਰਨੀ ਚਾਹੀਦੀ ਹੈ।

(iii) ਸਭ ਦੇ ਜੀਵਨ ਨੂੰ ... ਬਣਾਉਣਾ ਹੈ।

(iv) ... ਨੂੰ ਵੇਖ ਕੇ ਦੇਸ਼ ਦੀ ਯਾਦ ਆਉਂਦੀ ਹੈ।

(v) ਦੂਜੀ ਮਾਂ ... ਨੂੰ ਕਿਹਾ ਗਿਆ ਹੈ।

**ਸਵਰਗ** **ਮਿਹਨਤ** **ਮਿੱਟੀ** **ਲਾਲੀ** **ਧਰਤੀ**

**ਸ. ਜੋੜੇ ਬਣਾਉ :**

| | |
|---|---|
| ਧਰਤੀ | ਸਵਰਗ |
| ਗਗਨ | ਉਡਾਰੀ |
| ਜੀਵਨ | ਸਵੇਰ |
| ਊਸ਼ਾ | ਮਾਂ |

**ਹ. ਵਿਰੋਧੀ ਸ਼ਬਦ ਬਣਾਉ :**

(i) ਖਿਲਰੀ ...

(ii) ਹਾਮੀ ...

(iii) ਅਸੀਸ ...

(iv) ਪਰਤਣਾ ...

**ਕ. ਵਾਕ ਬਣਾਉ :**

(i) ਪੋਟਲੀ ... ... ... ...


(ii) ਧਿਆਈਏ ... ... ... ...

(iii) ਸੱਧਰਾਂ ... ... ... ...

(iv) ਊਸ਼ਾ ... ... ... ...

# ਅੱਖਰਾਂ ਅੰਦਰ ਬਲਦਾ ਦੀਵਾ

## ਰਤਨ ਸਿੰਘ



### ਸ਼ਖ਼ਸੀਅਤ ਤੇ ਰਚਨਾ

ਰਤਨ ਸਿੰਘ ਦਾ ਜਨਮ ਪਾਕਿਸਤਾਨ ਵਿੱਚ ਤਹਿਸੀਲ (ਉਸ ਸਮੇਂ) ਨਾਰੋਵਾਲ, ਜ਼ਿਲ੍ਹਾ ਸਿਆਲਕੋਟ ਦੇ ਪਿੰਡ ਦਾਊਦ ਵਿਖੇ 15 ਨਵੰਬਰ, 1927 ਨੂੰ ਪਿਤਾ ਪ੍ਰਤਾਪ ਸਿੰਘ ਤੇ ਮਾਤਾ ਕਰਤਾਰ ਕੌਰ ਦੇ ਘਰ ਹੋਇਆ। ਉਹ ਆਕਾਸ਼ਵਾਣੀ (AIR), ਕਸ਼ਮੀਰ ਤੋਂ ਬਤੌਰ ਡਾਇਰੈਕਟਰ ਸੇਵਾ-ਮੁਕਤ ਹੋਏ। ਰਤਨ ਸਿੰਘ ਨੂੰ ਪੰਜਾਬੀ, ਹਿੰਦੀ ਤੇ ਉਰਦੂ ਭਾਸ਼ਾਵਾਂ ਦਾ ਲੇਖਕ ਹੋਣ ਦਾ ਮਾਣ ਹਾਸਲ ਹੈ। ਉਨ੍ਹਾਂ ਨੇ ਪੰਜਾਬੀ ਵਿਚ ਚਾਰ ਕਾਵਿ-ਸੰਗ੍ਰਹਿ ਤੇ ਦੋ ਕਹਾਣੀ-ਸੰਗ੍ਰਹਿ, ਹਿੰਦੀ 'ਚ ਇਕ ਨਾਵਲੈੱਟ, ਦੋਹਿਆਂ ਦਾ ਸੰਗ੍ਰਹਿ ਅਤੇ ਉਰਦੂ ਕਹਾਣੀ ਦੀ ਰਚਨਾ ਕੀਤੀ ਹੈ। ਉਨ੍ਹਾਂ ਨੇ ਪੰਜਾਬੀ ਕਵਿਤਾ ਰਾਹੀਂ ਸਾਹਿਤ ਵਿੱਚ ਪ੍ਰਵੇਸ਼ ਕੀਤਾ ਸੀ।

### ਅੱਖਰਾਂ ਅੰਦਰ ਬਲਦਾ ਦੀਵਾ

ਚਾਰ ਵੇਦ ਦੋਹੇ ਵਿਚ ਹੁੰਦੇ, ਇਸ ਵਿਚ ਕੁੱਲ ਪੁਰਾਨ।
ਚਹੁੰ ਯੁਗਾਂ ਦੀ ਕੁੱਲ ਹਕੀਕਤ, ਦੋਹਾ ਕਰੇ ਬਖਾਨ।

ਜੀਵਨ ਪੱਥ ਤੇ ਤੁਰਦੇ ਤੁਰਦੇ, ਜਦ ਨ੍ਹੇਰੇ ਪੱਖ ਆ ਜਾਂਦੇ।
ਭੂਤ ਭਵਿੱਖ ਦੇ ਦੀਵੇ ਮਿਲ ਕੇ, ਰਾਹ ਮੇਰੀ ਰੁਸ਼ਨਾਂਦੇ।

ਬੰਦੇ ਨੂੰ ਜੋ ਦੇ ਨਹੀਂ ਸਕਦਾ, ਬੰਦੇ ਵਰਗਾ ਮਾਨ।
ਦੁਨੀਆਂ ਦੇ ਵਿਚ ਸਭ ਤੋਂ ਵੱਡਾ, ਉਹ ਬੰਦਾ ਨਾਦਾਨ।

**ਔਖੇ ਸ਼ਬਦਾਂ ਦੇ ਅਰਥ**

ਬਖਾਨ : ਵਿਆਖਿਆ
ਪੱਖ : ਸਮਾਂ (ਦੋਹੇ ਅਨੁਸਾਰ)
ਨਾਦਾਨ : ਬੇਸਮਝ

ਸਾਗਰ ਮਥ ਕੇ ਕੀ ਮਿਲਣਾ ਏ, ਹੀਰੇ ਲਾਲ ਤੇ ਮੋਤੀ।
ਮਨ ਨੂੰ ਜ਼ਰਾ ਖੰਘਾਲ ਕੇ ਵੇਖੋ, ਖੱਟੀ ਹੋਏਗੀ ਮੋਟੀ।

ਸਭ ਨਦੀਆਂ ਦਾ ਪਾਣੀ ਮਿੱਠਾ, ਫਿਰ ਸਾਗਰ ਕਿਉਂ ਖਾਰਾ।
ਸ਼ਾਇਦ ਵੱਡਾ ਹੋਣ ਦਾ ਉਹਨੂੰ, ਚੜ੍ਹਿਆ ਹੋਏ ਅਫਾਰਾ।

ਰੱਬ ਸ਼ਬਦ ਵਿਚ ਦੋ ਹਰਫ਼ ਨੇ, ਇਕ ਰਾਰਾ ਇਕ ਬੱਬਾ।
ਮੈਨੂੰ ਤਾਂ ਬਸ ਏਨੇ ਵਿਚ ਹੀ, ਸਾਰਾ ਆਲਮ ਲੱਭਾ।

ਛੋਟੇ ਨੂੰ ਕੁੱਝ ਗਿਣਦਾ ਵੀ ਨਹੀਂ, ਵੱਡੇ ਨਾਲ ਹੈ ਵੈਰ।
ਏਸ ਸੋਚ ਨੂੰ ਜੇ ਬਦਲੇ ਬੰਦਾ, ਫੇਰ ਖ਼ੈਰ ਹੀ ਖ਼ੈਰ।

ਐਸੀ ਵੀ ਕੋਈ ਗਾਥਾ ਹੋਵੇ, ਕੋਈ ਅੰਤ ਨ ਆਵੇ।
ਚਾਰ ਯੁਗਾਂ ਦੀ ਉਮਰ ਅਸਾਡੀ, ਸੁੱਖਾਂ ਨਾਲ ਵਿਹਾਵੇ।

ਸ਼ਿਖ਼ਰ ਦੇ ਚਾਰੇ ਪਾਸੇ ਹੁੰਦੀ, ਢਲਵਾਨ ਹੀ ਢਲਵਾਨ।
ਏਸੇ ਲਈ ਉਸ ਵਿਚ ਨਹੀਂ ਹੁੰਦਾ, ਮਾਸਾ ਭਰ ਅਭਿਮਾਨ।

ਕੱਲ ਆਵੇ ਯਾ ਨਾ ਆਵੇ, ਕੱਲ ’ਤੇ ਗੱਲ ਨ ਟਾਲ।
ਲੰਮੀ ਨੀਂਦਰ ਸੌਂ ਜਾ ਬੇਸ਼ੱਕ, ਕਰਕੇ ਹੱਲ ਸਵਾਲ।

ਪੜ੍ਹਿਆ ਗੁਰੂ ਗ੍ਰੰਥ ਵਿਚ, ਇਹ ਵੀ ਇਕ ਵਿਵੇਕ।
ਨਿਰੰਕਾਰ ਭਗਵਾਨ ਦੇ, ਹੁੰਦੇ ਰੂਪ ਅਨੇਕ।

ਮੇਰੀ ਗੱਲ ਨੂੰ ਪੱਲੇ ਬੰਨ੍ਹ ਲਉ, ਆਖੇ ਪਿਆ ਸੁਕਰਾਤ।
ਸੱਚ ਦੀ ਨਗਰੀ ਸੂਰਜ ਚਮਕੇ, ਬਾਕੀ ਹਰ ਥਾਂ ਰਾਤ।

ਵੱਡੀਆਂ ਛਿੰਝਾਂ, ਭਾਰੀਆਂ ਜਿੱਤਾਂ, ਮਰ ਮਰ ਮਾਰੀਆਂ ਮੱਲਾਂ।
ਨਵਾਂ ਜ਼ਮਾਨਾ ਮੂੰਹ ਚਿੜਾਉਂਦੈ, ਕਹੇ ਫੋਕੀਆਂ ਗੱਲਾਂ।

ਕੌਡੀ ਕੌਡੀ ਖੇਡ ਤੂੰ ਰੱਤੀ, ਜਦ ਤੱਕ ਦਮ ਵਿਚ ਦਮ।
ਮਰਨਾ ਜੀਨਾ ਖੇਡ ਦਾ ਹਿੱਸਾ, ਨਾ ਖੁਸ਼ੀ ਨਾ ਗਮ।

ਸੂਰਜ ਬੂਹੇ ’ਤੇ ਆਇਐ ਰੱਤੀ, ਰੱਥ ਤੇ ਹੋ ਅਸਵਾਰ।
ਸਮੇਂ ਨੂੰ ਉਹ ਗਤੀ ਦੇ ਰਿਹੈ, ਜਾਗ ਰਿਹੈ ਸੰਸਾਰ।

**ਔਖੇ ਸ਼ਬਦਾਂ ਦੇ ਅਰਥ**

ਮਥ : ਰਿੜਕਨਾ
ਖੰਘਾਲ : ਹਿਲਾਉਣਾ
ਅਫ਼ਾਰਾ : ਹੰਕਾਰ (ਦੋਹੇ ਅਨੁਸਾਰ)
ਹਰਫ਼ : ਅੱਖਰ
ਆਲਮ : ਵਿਦਵਾਨ
ਗਾਥਾ : ਕਹਾਣੀ
ਵਿਹਾਵੇ : ਜਿਊਣਾ
ਢਲਵਾਨ : ਉਤਰਾਈ
ਨਿਰੰਕਾਰ : ਆਕਾਰ ਰਹਿਤ
ਸੁਕਰਾਤ : ਇਕ ਦਾਰਸ਼ਨਿਕ ਦਾ ਨਾਂ
ਛਿੰਝਾਂ : ਕਬੱਡੀ ਤੇ ਭਲਵਾਨੀ ਦੀਆਂ ਖੇਡਾਂ
ਕੌਡੀ ਕੌਡੀ : ਕਬੱਡੀ-ਕਬੱਡੀ
ਰੱਤੀ : ਕਵੀ ਰਤਨ ਸਿੰਘ



## ਟਿੱਪਣੀ

ਉਪਰੋਕਤ ਦੋਹੇ ਮਸ਼ਹੂਰ ਕਵੀ ਤੇ ਕਹਾਣੀਕਾਰ ਰਤਨ ਸਿੰਘ ਦੇ ਦੋਹਾ-ਸੰਗ੍ਰਹਿ 'ਅੱਖਰਾਂ ਅੰਦਰ ਬਲਦਾ ਦੀਵਾ' ਵਿਚੋਂ ਲਏ ਗਏ ਹਨ। ਪਹਿਲੇ ਦੋਹੇ ਵਿੱਚ ਹੀ ਕਵੀ ਨੇ ਕਾਵਿ-ਰੂਪ 'ਦੋਹੇ' ਦੇ ਮਹੱਤਵ ਵੱਲ ਸੰਕੇਤ ਕੀਤਾ ਹੈ। ਇਨ੍ਹਾਂ ਦੋਹਿਆਂ ਵਿੱਚ ਸਾਧਾਰਨ ਜੀਵਨ ਵਿੱਚੋਂ ਤੱਤ ਕੱਢ ਕੇ ਪੇਸ਼ ਕੀਤੇ ਗਏ ਹਨ। ਕਵੀ ਨੇ ਵਿਭਿੰਨ ਪ੍ਰਕਾਰ ਦੇ ਵਿਸ਼ੇ ਪੇਸ਼ ਕੀਤੇ ਹਨ। ਰਤਨ ਸਿੰਘ ਦੇ ਇਨ੍ਹਾਂ ਦੋਹਿਆਂ ਵਿਚੋਂ, ਉਸ ਦਾ ਅਨੁਭਵ, ਦਾਰਸ਼ਨਿਕਤਾ ਅਤੇ ਸੰਵੇਦਨਸ਼ੀਲਤਾ ਦਾ ਅਹਿਸਾਸ ਹੁੰਦਾ ਹੈ। ਇਹ ਦੋਹੇ ਲੋਕਾਂ ਦੇ ਹਿੱਤ ਤੇ ਭਲੇ ਦੀ ਗੱਲ ਕਰਦੇ ਹਨ। ਸਹਿਜ-ਸੁਭਾਅ ਹੀ ਕੁੱਝ ਅਮਾਨਵੀ ਪੱਖਾਂ ਉੱਪਰ ਵਿਅੰਗ ਵੀ ਕੱਸਿਆ ਗਿਆ ਹੈ। ਮਨੁੱਖੀ ਕਦਰਾਂ-ਕੀਮਤਾਂ ਉੱਪਰ ਡਟ ਕੇ ਪਹਿਰਾ ਦੇਣ ਦੀ ਵਕਾਲਤ ਕੀਤੀ ਗਈ ਹੈ।

## ਅਭਿਆਸ

**1. ਦੱਸੋ ਖਾਂ ਭਲਾ :**

(i) ਦੋਹੇ ਵਿੱਚ ਆਏ ਸ਼ਬਦ 'ਨ੍ਹੇਰੇ ਪੱਖ' ਤੋਂ ਕੀ ਭਾਵ ਹੈ ?
(ii) ਕਵੀ 'ਬੰਦੇ' ਨੂੰ ਕਿਹੜੇ ਗੁਣ ਅਪਨਾਉਣ ਦੀ ਅਪੀਲ ਕਰ ਰਿਹਾ ਹੈ ?
(iii) ਹੰਕਾਰ ਕਿਸ ਵਿੱਚ ਨਹੀਂ ਹੁੰਦਾ ਤੇ ਕਿਉਂ ?
(iv) ਕਿਰਤ ਬਾਰੇ ਕਵੀ ਦਾ ਕੀ ਵਿਚਾਰ ਹੈ ?
(v) ਆਖ਼ਰੀ ਦੋਹੇ ਵਿੱਚ ਮਾਨਵਤਾ ਲਈ ਕੀ ਸੰਦੇਸ਼ ਮਿਲਦਾ ਹੈ।
(vi) ਸੁਕਰਾਤ ਨੇ ਕੀ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ।

**2. ਹੇਠ ਲਿਖੀਆਂ ਕਾਵਿ-ਸਤਰਾਂ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :**

ਕੱਲ ਆਵੇ ਯਾ ਨਾ ਆਵੇ, ਕੱਲ 'ਤੇ ਗੱਲ ਨ ਟਾਲ।
ਲੰਮੀ ਨੀਂਦਰ ਸੌਂ ਜਾ ਬੇਸ਼ੱਕ, ਕਰਕੇ ਹੱਲ ਸਵਾਲ।

(i) ਉਪਰੋਕਤ ਸਤਰਾਂ ਵਿੱਚ ਕਵੀ ਵਲੋਂ 'ਲੰਮੀ ਨੀਂਦਰ ਸੌਂ ਜਾ ਬੇਸ਼ੱਕ' ਕਹਿਣ ਤੋਂ ਕੀ ਭਾਵ ਹੈ ?
(ii) ਉਪਰੋਕਤ ਸਤਰਾਂ ਵਿੱਚ ਕਵੀ ਕਿਹੜੇ ਸਮੇਂ ਦੇ ਮਹੱਤਵ ਵੱਲ ਸੰਕੇਤ ਕਰ ਰਿਹਾ ਹੈ?
(iii) ਉਪਰੋਕਤ ਸਤਰਾਂ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ।

**3. ਹੇਠ ਲਿਖੀਆਂ ਕਾਵਿ-ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

ਸੂਰਜ ਬੂਹੇ 'ਤੇ ਆਇਐ ਰੱਤੀ, ਰੱਥ ਤੇ ਹੋ ਅਸਵਾਰ।
ਸਮੇਂ ਨੂੰ ਉਹ ਗਤੀ ਦੇ ਰਿਹੈ, ਜਾਗ ਰਿਹੈ ਸੰਸਾਰ।

## ਆਉ ਕੁਝ ਹੋਰ ਕਰੀਏ

**ੳ. ਪਾਠ ਤੋਂ ਅੱਗੇ :**

(i) ਤੁਸੀਂ ਆਪਣੇ ਅਨੁਭਵ ਦੇ ਆਧਾਰ 'ਤੇ ਸਦਾਚਾਰ ਦਾ ਸੰਦੇਸ਼ ਦੇਣ ਵਾਲੇ ਦੋਹਿਆਂ ਦੀ ਰਚਨਾ ਕਰੋ।

(ii) ਕੀ ਤੁਸੀਂ ਕਦੇ ਅੱਜ ਦਾ ਕੰਮ ਕੱਲ੍ਹ ਨੂੰ ਕਰਨ ਦੀ ਜ਼ਿੱਦ ਕੀਤੀ ਹੈ ? ਉਸ ਦੇ ਨਤੀਜੇ ਸਮੇਤ ਘਟਨਾ ਦਾ ਹਵਾਲਾ ਦਿਉ।

(iii) ਕਿਸੇ ਹੰਕਾਰੀ ਪੁਰਸ਼ ਨੂੰ ਤੁਸੀਂ ਕਿਵੇਂ ਸਮਝਾਉਗੇ ? ਮਿਸਾਲਾਂ ਦੇ ਕੇ ਸਮਝਾਉਣ ਦੀ ਕੋਸ਼ਿਸ਼ ਕਰਦਿਆਂ ਇੱਕ ਪੈਰੇ ਦੀ ਰਚਨਾ ਕਰੋ।

(iv) ਕੀ ਤੁਸੀਂ ਆਸਤਕ ਹੋ ? ਰੱਬ ਦੀ ਹੋਂਦ ਤੇ ਉਸ ਦੇ ਪਸਾਰੇ ਬਾਰੇ ਖੁੱਲ੍ਹ ਕੇ ਵਿਚਾਰ ਪੇਸ਼ ਕਰੋ।

(v) ਤੁਹਾਨੂੰ ਕਿਹੜੀ ਖੇਡ ਚੰਗੀ ਲਗਦੀ ਹੈ ? ਉਸ ਖੇਡ ਦੇ ਖਿਡਾਰੀਆਂ, ਅਸੂਲਾਂ ਤੇ ਲਾਭ ਨੂੰ ਦਰਸਾਉਂਦਾ ਇੱਕ ਚਾਰਟ ਤਿਆਰ ਕਰੋ।

## ਅ. ਪਾਠ ਦੇ ਆਧਾਰ 'ਤੇ ਠੀਕ ( ✔ ) ਜਾਂ ਗ਼ਲਤ ( ✖ ) ਦਾ ਨਿਸ਼ਾਨ ਬਣਾਉ :

(i) ਸੁਕਰਾਤ ਅਨੁਸਾਰ ਸੱਚ ਰੌਸ਼ਨੀ ਫੈਲਾਉਂਦਾ ਹੈ। ☐

(ii) ਸੂਰਜ ਸਮੇਂ ਨੂੰ ਗਤੀ ਨਹੀਂ ਦਿੰਦਾ। ☐

(iii) ਮਹਾਨ ਵਿਅਕਤੀ ਵਿੱਚ ਕਦੇ ਵੀ ਹੰਕਾਰ ਨਹੀਂ ਹੁੰਦਾ। ☐

(iv) ਨਿਰੰਕਾਰ ਭਗਵਾਨ ਦਾ ਹੀ ਇੱਕ ਰੂਪ ਹੁੰਦਾ ਹੈ। ☐

(v) ਸਾਗਰ ਨੂੰ ਆਪਣੇ ਵੱਡੇ ਹੋਣ ਦਾ ਹੰਕਾਰ ਹੁੰਦਾ ਹੈ। ☐

## ੲ. ਖਾਲੀ ਥਾਵਾਂ ਭਰੋ :

(i) ਜਦੋਂ ਤੱਕ ... ਹੋਵੇ ਕੰਮ ਕਰਦੇ ਰਹਿਣਾ ਚਾਹੀਦਾ ਹੈ।

(ii) ਮਨ ਨੂੰ ਖੰਘਾਲਣ ਨਾਲ ... ਖੱਟੀ ਹੁੰਦੀ ਹੈ।

(iii) ਵੱਡੇ ਵਿਅਕਤੀ ਵਿੱਚ ... ਨਹੀਂ ਹੁੰਦਾ।

(iv) ਦੋਹਾ ਚਾਰ ਯੁਗਾਂ ਦੀ ... ਦਾ ਵਿਆਖਿਆਨ ਕਰਦਾ ਹੈ।

(v) ਦੂਸਰੇ ਵਿਅਕਤੀ ਨੂੰ ਮਾਣ ਨਾ ਦੇਣ ਵਾਲਾ ... ਹੁੰਦਾ ਹੈ।

ਗਾਥਾ ਮੋਟੀ ਹਿੰਮਤ ਨਾਦਾਨ ਹੰਕਾਰ

## ਸ. ਜੋੜੇ ਬਣਾਉ :

| | |
|---|---|
| ਸਿਖ਼ਰ | ਰੌਸ਼ਨੀ |
| ਆਕਾਰ | ਢਲਵਾਨ |
| ਸਾਗਰ | ਖਾਰਾ |
| ਦੀਵਾ | ਨਿਰੰਕਾਰ |

## ਹ. ਵਿਰੋਧੀ ਸ਼ਬਦ ਲਿਖੋ :

(i) ਵੱਡਾ ...

(ii) ਲੱਭਣਾ ...

(iii) ਢਲਵਾਨ ...

(iv) ਅਨੇਕ ...

## ਕ. ਵਾਕ ਬਣਾਉ :

(i) ਨੀਂਦਰ ... ... ... ...

(ii) ਅਸਵਾਰ ... ... ... ...

(iii) ਨਿਰੰਕਾਰ ... ... ... ...


(iv) ਗਾਥਾ ... ... ... ...



# ਸੁਣ ਮਾਏ ਸੁਣ ਬਾਬਲਾ

## ਗਿੱਲ ਮੋਰਾਂਵਾਲੀ

### ਸ਼ਖ਼ਸੀਅਤ ਤੇ ਰਚਨਾ



ਸ਼ਾਇਰ ਗਿੱਲ ਮੋਰਾਂਵਾਲੀ ਦਾ ਅਸਲੀ ਨਾਂ ਮਹਿੰਦਰ ਸਿੰਘ ਗਿੱਲ ਹੈ। ਉਨ੍ਹਾਂ ਦਾ ਜਨਮ 20 ਮਈ, 1937 ਨੂੰ ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਹੋਇਆ। ਉਹ 1970 ਵਿਚ ਕੈਨੇਡਾ ਵਿੱਚ ਵਸ ਗਏ। ਉਨ੍ਹਾਂ ਨੇ ਦਰਜਨਾਂ ਕਾਵਿ-ਸੰਗ੍ਰਹਿ ਪ੍ਰਸਤੁਤ ਕੀਤੇ ਹਨ। ਉਨ੍ਹਾਂ ਨੇ ਜ਼ਿਆਦਾਤਰ ਰਚਨਾ ਦੋਹਿਆਂ ਦੇ ਰੂਪ ਵਿਚ ਕੀਤੀ ਹੈ। ਖ਼ਾਸ ਕਰਕੇ ਔਰਤ ਦੇ ਦਰਦ ਨੂੰ ਉਨ੍ਹਾਂ ਨੇ ਆਪਣੀ ਰਚਨਾ ਦਾ ਵਿਸ਼ਾ ਬਣਾਇਆ ਹੈ। ਉਨ੍ਹਾਂ ਦਾ ਪਹਿਲਾ ਕਾਵਿ-ਸੰਗ੍ਰਹਿ 'ਹੰਝੂ ਹਉਕੇ' 1964 ਵਿੱਚ ਪ੍ਰਕਾਸ਼ਿਤ ਹੋਇਆ ਸੀ। 'ਕਤਰਾ ਕਤਰਾ ਚਾਂਦਨੀ', 'ਮੌਸਮ ਦਾ ਸੰਤਾਪ', 'ਸ਼ਰਾਰੇ', 'ਸਤਰ ਸਤਰ ਸੰਸਾਰ' ਆਦਿ ਉਨ੍ਹਾਂ ਦੇ ਹੋਰ ਕਾਵਿ-ਸੰਗ੍ਰਹਿ ਹਨ। ਗਿੱਲ ਮੋਰਾਂਵਾਲੀ ਨੂੰ ਉਨ੍ਹਾਂ ਦੀ ਰਚਨਾ ਲਈ ਬਹੁਤ ਮਾਣ-ਸਨਮਾਨ ਵੀ ਮਿਲੇ ਹਨ। ਹੇਠ ਲਿਖੇ ਦੋਹੇ ਉਨ੍ਹਾਂ ਦੀ ਚਰਚਿਤ ਪੁਸਤਕ 'ਬੇਟੀ ਹਾਣੀ ਮੰਗਦੀ' ਵਿੱਚੋਂ ਲਏ ਗਏ ਹਨ।

### ਸੁਣ ਮਾਏ ਸੁਣ ਬਾਬਲਾ

ਸੁਣ ਮਾਏ ਸੁਣ ਬਾਬਲਾ, ਨਾ ਕਰ ਏਨੀ ਖਾਰ।
ਬੇਟੇ ਖ਼ਾਤਰ ਧੀ ਕਦੇ, ਭੁੱਲ ਕੇ ਵੀ ਨਾ ਮਾਰ।

ਸੁਣ ਮਾਏ ਸੁਣ ਬਾਬਲਾ, ਘਰ ਵਿਚ ਪਾ ਨਾ ਸੋਗ।
ਪੁੱਤਰ ਧੀ ਦੇ ਫ਼ਰਕ ਦਾ, ਪਾਲ ਨਾ ਭੈੜਾ ਰੋਗ।

ਸੁਣ ਮਾਏ ਸੁਣ ਬਾਬਲਾ, ਸਭ ਕੁਝ ਆਵੇ ਰਾਸ।
ਪੁੱਤਰ ਤੇਰੀ ਭੁੱਖ ਜੇ, ਧੀ ਨੂੰ ਜਾਣ ਪਿਆਸ।

#### ਔਖੇ ਸ਼ਬਦਾਂ ਦੇ ਅਰਥ

ਮਾਏ : ਮਾਂ
ਬਾਬਲ : ਪਿਤਾ
ਧੀ : ਬੇਟੀ

**ਔਖੇ ਸ਼ਬਦਾਂ ਦੇ ਅਰਥ**

ਰੁੱਤ : ਮਹੌਲ
ਜਹਾਨ : ਦੁਨੀਆਂ
ਪੱਤ : ਇੱਜ਼ਤ
ਤੁੱਲ : ਬਰਾਬਰ
ਕੈਦ : ਰੋਕ
ਵੈਦ : ਡਾਕਟਰ
ਗ਼ੁਲਾਮ : ਬਾਹਰ ਜਾਣ 'ਤੇ ਰੋਕ
ਸ਼ਰੀਕਾ : ਰਿਸ਼ਤੇਦਾਰ
ਲੀਕ : ਰੁਕਾਵਟ





ਸੁਣ ਮਾਏ ਸੁਣ ਬਾਬਲਾ, ਬਦਲ ਰਹੀ ਹੈ ਰੁੱਤ।
ਰਲਕੇ ਗਾਣੇ ਗਾਣਗੇ, ਮਾਪੇ, ਧੀਆਂ, ਪੁੱਤ।

ਸੁਣ ਮਾਏ ਸੁਣ ਬਾਬਲਾ, ਧੀਆਂ ਨਾਲ ਜਹਾਨ।
ਤੇਰੇ ਘਰ ਦੀ ਸ਼ਾਨ ਹੈ, ਤੇਰੇ ਘਰ ਦੀ ਆਨ।

ਸੁਣ ਮਾਏ ਸੁਣ ਬਾਬਲਾ, ਮੈਲੀ ਕਰ ਨਾ ਮੱਤ।
ਹੁਣ ਨਾਲੋਂ ਵੀ ਧੀ ਕਰੂ, ਦੂਣੀ ਤੇਰੀ ਪੱਤ।

ਸੁਣ ਮਾਏ ਸੁਣ ਬਾਬਲਾ, ਚੱਲ ਸਮੇਂ ਦੇ ਨਾਲ।
ਦੇਖ ਸਮੇਂ ਦੇ ਰੰਗ ਤੂੰ, ਧੀਆਂ ਕਰਨ ਕਮਾਲ।

ਸੁਣ ਮਾਏ ਸੁਣ ਬਾਬਲਾ, ਅਨਜੋੜਾਂ ਨੂੰ ਜੋੜ।
ਧੀ ਦੀ ਪੂਜਾ ਰੱਖ ਕੇ, ਰੀਤਾਂ ਰਸਮਾਂ ਤੋੜ।

ਸੁਣ ਮਾਏ ਸੁਣ ਬਾਬਲਾ, ਹੁਣ ਨਾ ਧੀਆਂ ਰੋਣ।
ਪਿੱਛੇ ਪਿੱਛੇ ਸੀ ਕਦੇ, ਹੁਣ ਅੱਗੇ ਹੀ ਹੋਣ।

ਸੁਣ ਮਾਏ ਸੁਣ ਬਾਬਲਾ, ਲੈਣੇ ਦੇਣੇ ਭੁੱਲ।
ਦਾਜ ਬਿਨਾਂ ਧੀ ਤੋਰ ਦੇ, ਕਿਹੜਾ ਧੀ ਦੇ ਤੁੱਲ।

ਸੁਣ ਮਾਏ ਸੁਣ ਬਾਬਲਾ, ਕਰ ਨਾ ਧੀ ਨੂੰ ਕੈਦ।
ਪੜ੍ਹ ਲਿਖ ਕੇ ਧੀ ਬਣੂ, ਅਫ਼ਸਰ, ਲੀਡਰ, ਵੈਦ।

ਉੱਚੀ ਵਿੱਦਿਆ ਦੇ ਲਈ, ਚਰਚਾ ਹੈ ਹੁਣ ਆਮ।
ਧੀਆਂ ਨੂੰ ਨਾ ਰੱਖਣਾ, ਵਿਹੜੇ ਵਿਚ ਗੁਲਾਮ।

ਬੇਟੇ ਖਾਤਰ ਬਾਬਲਾ, ਬੇਟੀ ਨੂੰ ਨਾ ਮਾਰ।
ਜੇ ਕਰ ਬੇਟੀ ਨਾ ਰਹੀ, ਰਹਿਣਾ ਨਾ ਸੰਸਾਰ।

ਸਾਥ ਸ਼ਰੀਕਾ ਜੇ ਦਵੇ, ਨਾਲ ਖੜ੍ਹੇ ਸਰਕਾਰ।
ਫਿਰ ਨਾ ਕੋਈ ਧੀ ਸੜੇ, ਕੋਈ ਨਾ ਸਕੇ ਮਾਰ।

ਬਦਲੋ ਆਪਣੇ ਆਪ ਨੂੰ, ਬਦਲੋ ਆਪਣੀ ਸੋਚ।
ਧੀਆਂ ਅੱਗੇ ਲੀਕ ਜੋ, ਰਲ ਕੇ ਦੇਵੋ ਪੋਚ

## ਟਿੱਪਣੀ

ਇਨ੍ਹਾਂ ਦੋਹਿਆਂ ਵਿੱਚ ਧੀ ਆਪਣੇ ਮਾਪਿਆਂ ਨੂੰ ਧੀਆਂ ਬਾਰੇ ਆਪਣੀ ਸੋਚ ਬਦਲਣ ਦੀ ਪੁਕਾਰ ਕਰ ਰਹੀ ਹੈ। ਉਹ ਧੀ ਨੂੰ ਪੁੱਤਰ ਦੇ ਬਰਾਬਰ ਹੱਕ ਦੇਣ ਦੀ ਮੰਗ ਕਰਦੀ ਹੈ। ਉਹ ਆਪਣੇ ਗੁਣਾਂ ਨਾਲ ਪੁੱਤਰ ਵਾਂਗ ਹੀ ਮਾਪਿਆਂ ਦਾ ਸਹਾਰਾ ਬਣਨ ਦਾ ਵਾਅਦਾ ਕਰਦੀ ਹੈ। ਧੀ-ਪੁੱਤਰ ਵਿਚਲੇ ਭੇਦ-ਭਾਵ ਨੂੰ ਨਕਾਰਦੀ ਹੋਈ ਆਪਣੇ ਨਾਲ ਇਨਸਾਫ਼ ਚਾਹੁੰਦੀ ਹੈ। ਉਹ ਮਾਪਿਆਂ ਨੂੰ ਧੀਆਂ ਨੂੰ ਉੱਚ-ਸਿਖਿਆ ਦੇਣ ਦਾ ਵਡਮੁੱਲਾ ਸੁਝਾਅ ਦਿੰਦੀ ਹੈ। ਇਸ ਦੇ ਨਾਲ-ਨਾਲ ਧੀ ਦੀ ਭਲਾਈ ਲਈ ਉਹ ਰਿਸ਼ਤੇਦਾਰਾਂ ਤੇ ਸਰਕਾਰ ਦੇ ਸਹਿਯੋਗ ਨੂੰ ਵੀ ਜ਼ਰੂਰੀ ਕਰਾਰ ਦਿੰਦੀ ਹੈ। ਇਨ੍ਹਾਂ ਦੋਹਿਆਂ ਵਿਚ ਮਾਪਿਆਂ ਨੂੰ ਸਮੁੱਚੀ ਸੋਚ ਬਦਲ ਕੇ ਧੀ ਨੂੰ ਸਨਮਾਨ ਦੇਣ ਦੀ ਨਿਮਰਤਾ-ਪੂਰਵਕ ਅਪੀਲ ਕੀਤੀ ਗਈ ਹੈ।

## ਅਭਿਆਸ

**1. ਦੱਸੋ ਖਾਂ ਭਲਾ :**

(i) ਧੀ ਆਪਣੇ ਪਿਤਾ ਕੋਲ ਕਿਹੜੀ ਸ਼ਿਕਾਇਤ ਕਰਦੀ ਹੈ ?
(ii) ਧੀ ਆਪਣੀ ਤੁਲਣਾ ਕਿਸ ਨਾਲ ਕਰਦੀ ਹੈ ?
(iii) ਉਪਰੋਕਤ ਰਚਨਾ ਵਿੱਚ ਕਿਹੜੀਆਂ ਰੀਤਾਂ ਤੋੜਨ ਦੀ ਗੱਲ ਕੀਤੀ ਗਈ ਹੈ ?
(iv) ਮਾਪਿਆਂ ਮੂਹਰੇ ਧੀਆਂ ਨੂੰ ਕਿਹੜੀ ਵਿਦਿਆ ਦੇਣ ਦੀ ਬੇਨਤੀ ਕੀਤੀ ਗਈ ਹੈ?
(v) ਧੀਆਂ ਉੱਪਰ ਹੋਣ ਵਾਲੇ ਜ਼ੁਲਮ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ ?
(vi) ਇਨ੍ਹਾਂ ਦੋਹਿਆਂ ਤੋਂ ਸਾਨੂੰ ਕੀ ਸਿਖਿਆ ਮਿਲਦੀ ਹੈ ?



**2. ਹੇਠ ਲਿਖੀਆਂ ਕਾਵਿ-ਸਤਰਾਂ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :**

ਸੁਣ ਮਾਏ ਸੁਣ ਬਾਬਲਾ, ਬਦਲ ਰਹੀ ਹੈ ਰੁੱਤ।
ਰਲਕੇ ਗਾਣੇ ਗਾਣਗੇ, ਮਾਪੇ, ਧੀਆਂ, ਪੁੱਤ।

ਸੁਣ ਮਾਏ ਸੁਣ ਬਾਬਲਾ, ਧੀਆਂ ਨਾਲ ਜਹਾਨ।
ਤੇਰੇ ਘਰ ਦੀ ਸ਼ਾਨ ਹੈ, ਤੇਰੇ ਘਰ ਦੀ ਆਨ।

(i) ਉਪਰੋਕਤ ਕਾਵਿ-ਸਤਰਾਂ ਕਿਹੜੇ ਕਵੀ ਦੀਆਂ ਰਚੀਆਂ ਹੋਈਆਂ ਹਨ ?
(ii) ਰੁੱਤ ਬਦਲਣ ਤੋਂ ਕਵੀ ਦਾ ਕੀ ਭਾਵ ਹੈ ?
(iii) ਉਪਰੋਕਤ ਕਾਵਿ-ਸਤਰਾਂ ਵਿੱਚ ਵਰਤੇ ਗਏ ਸ਼ਬਦ 'ਜਹਾਨ' ਦਾ ਅਰਥ ਸਮਝਾਓ।
(iv) ਧੀ ਕਿਸ ਨੂੰ ਸੰਬੋਧਨ ਕਰ ਰਹੀ ਹੈ ?

**3. ਹੇਠ ਲਿਖੀਆਂ ਕਾਵਿ-ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

ਸੁਣ ਮਾਏ ਸੁਣ ਬਾਬਲਾ, ਲੈਣੇ ਦੇਣੇ ਭੁੱਲ।
ਦਾਜ ਬਿਨਾਂ ਧੀ ਤੋਰ ਦੇ, ਕਿਹੜਾ ਧੀ ਦੇ ਤੁੱਲ।

ਸੁਣ ਮਾਏ ਸੁਣ ਬਾਬਲਾ, ਕਰ ਨਾ ਧੀ ਨੂੰ ਕੈਦ।
ਪੜ੍ਹ ਲਿਖ ਕੇ ਧੀ ਬਣੂ, ਅਫ਼ਸਰ, ਲੀਡਰ, ਵੈਦ।

## ਆਉ ਕੁਝ ਹੋਰ ਕਰੀਏ

### ੳ. ਪਾਠ ਤੋਂ ਅੱਗੇ :

(i) ਫ਼ਰਜ਼ ਕਰੋ ਕਿ ਤੁਸੀਂ ਇੱਕ ਕਵੀ ਹੋ। ਔਰਤ ਦੀ ਕਿਸੇ ਸਮੱਸਿਆ ਨਾਲ ਸੰਬੰਧਤ ਦੋਹਿਆਂ ਦੀ ਰਚਨਾ ਦਾ ਅਭਿਆਸ ਕਰੋ।

(ii) ਆਪਣੇ ਆਲੇ-ਦੁਆਲੇ ਦੇ ਅਜੋਕੇ ਮਹੌਲ ਨੂੰ ਵੇਖ ਕੇ ਔਰਤ ਦੇ ਯੋਗਦਾਨ ਬਾਰੇ ਆਪਣੇ ਸਕੂਲ ਦੇ ਰਸਾਲੇ ਲਈ ਕਵਿਤਾ ਲਿਖੋ।

(iii) ਕੀ ਤੁਸੀਂ ਆਪਣੇ ਨਾਲ ਪੜ੍ਹਦੇ ਮੁੰਡੇ ਜਾਂ ਕੁੜੀਆਂ ਬਾਰੇ ਆਪਣੇ ਮਨ ਵਿੱਚ ਕੋਈ ਭੇਦ-ਭਾਵ ਰੱਖਦੇ ਹੋ ? ਇਸ ਦੇ ਕਾਰਨ ਦੱਸਦੇ ਹੋਏ ਇੱਕ ਲੰਮਾ ਲੇਖ ਲਿਖੋ।

(iv) ਵਿਸ਼ਵ ਭਰ ਵਿੱਚ ਮੱਲਾਂ ਮਾਰ ਚੁੱਕੀਆਂ ਔਰਤਾਂ ਦੇ ਹਵਾਲੇ ਨਾਲ ਉਨ੍ਹਾਂ ਦੀਆਂ ਤਸਵੀਰਾਂ ਸਮੇਤ ਇੱਕ ਚਾਰਟ ਤਿਆਰ ਕਰੋ।

(v) ਫ਼ਰਜ਼ ਕਰੋ ਤੁਹਾਨੂੰ ਔਰਤ ਦੀ ਸਮੱਸਿਆ ਹੱਲ ਕਰਨ ਦਾ ਹੱਕ ਦੇ ਦਿੱਤਾ ਜਾਂਦਾ ਹੈ ? ਤੁਹਾਡੇ ਮਨ ਵਿੱਚ ਇਸ ਬਾਰੇ ਕਿਸ ਤਰ੍ਹਾਂ ਦੀ ਯੋਜਨਾ ਹੈ। ਇਸ ਨੂੰ ਇੱਕ ਭਾਸ਼ਣ ਦੇ ਰੂਪ ਵਿੱਚ ਲਿਖੋ।

### ਅ. ਪਾਠ ਦੇ ਆਧਾਰ 'ਤੇ ਠੀਕ ( ✔ ) ਜਾਂ ਗ਼ਲਤ ( ✖ ) ਦਾ ਨਿਸ਼ਾਨ ਬਣਾਉ :

(i) ਬੇਟੇ ਦੀ ਖਾਤਰ ਬੇਟੀ ਨੂੰ ਨਹੀਂ ਮਾਰਨਾ ਚਾਹੀਦਾ। ☐

(ii) ਧੀ ਜੰਮਣ 'ਤੇ ਖ਼ੁਸ਼ੀ ਨਾ ਮਨਾਉਣ ਲਈ ਕਿਹਾ ਗਿਆ ਹੈ। ☐

(iii) ਧੀਆਂ ਨੂੰ ਉੱਚੀ ਵਿੱਦਿਆ ਤੋਂ ਨਹੀਂ ਰੋਕਣਾ ਚਾਹੀਦਾ। ☐

(iv) ਪੜ੍ਹ-ਲਿਖ ਕੇ ਧੀ ਕੁਝ ਵੀ ਨਹੀਂ ਬਣ ਸਕਦੀ। ☐

(v) ਧੀਆਂ ਘਰ ਦੀ ਆਨ ਹੁੰਦੀਆਂ ਹਨ। ☐

### ੲ. ਖਾਲੀ ਥਾਵਾਂ ਭਰੋ :

ਅਜ਼ਾਦ  ਪਿਆਸ  ਅਫ਼ਸਰ  ਰਵਾਇਤ  ਦਾਜ

(i) ਧੀ ਦਾ ਵਿਆਹ ... ਤੋਂ ਬਿਨਾਂ ਕਰਨਾ ਚਾਹੀਦਾ ਹੈ।

(ii) ਧੀ ਦੀ ਪੂਜਾ ਰੱਖ ਕੇ ... ਤੋੜਨੀ ਚਾਹੀਦੀ ਹੈ।

(iii) ਬਾਬਲ ਨੂੰ ਧੀ ਦੀ ਵੀ ... ਰੱਖਣ ਲਈ ਕਿਹਾ ਗਿਆ ਹੈ।

(iv) ਧੀ ਨੇ ਪੜ੍ਹ ਲਿਖ ਕੇ ... ਬਣਨਾ ਹੈ।

(v) ਕਵੀ ਧੀ ਨੂੰ ... ਕਰਨ ਬਾਰੇ ਦੁਹਾਈ ਦੇ ਰਿਹਾ ਹੈ।

**ਸ. ਜੋੜੇ ਬਣਾਓ :**

| | |
|---|---|
| ਧੀ | ਇਲਾਜ |
| ਮਾਂ | ਵਿਆਹ |
| ਰੋਗ | ਪੁੱਤ |
| ਦਾਜ | ਬਾਪ |

**ਹ. ਵਿਰੋਧੀ ਸ਼ਬਦ ਬਣਾਓ :**

(i) ਗ਼ੁਲਾਮ ...
(ii) ਪਿੱਛੇ ...
(iii) ਭੁੱਖਾ ...
(iv) ਸੋਗ ...

**ਕ. ਵਾਕ ਬਣਾਓ :**

(i) ਫ਼ਰਕ ... ... ... ...
(ii) ਸ਼ਾਨ ... ... ... ...
(iii) ਵਿਦਿਆ ... ... ... ...
(iv) ਵੈਦ ... ... ... ...



# ਚੱਲ ਮਨਾਂ ਚੱਲ ਉਸ ਪਿੰਡ ਚੱਲੀਏ

## ਬਚਨ ਬੇਦਿਲ



### ਸ਼ਖ਼ਸੀਅਤ ਤੇ ਰਚਨਾ

ਬਚਨ ਬੇਦਿਲ ਦਾ ਜਨਮ ਪੰਜਾਬ ਦੇ ਜ਼ਿਲ੍ਹਾ ਸੰਗਰੂਰ ਦੇ ਪ੍ਰਸਿੱਧ ਪਿੰਡ ਬਡਰੁੱਖਾ ਵਿੱਖੇ ਇੱਕ ਫਰਵਰੀ, 1967 ਨੂੰ ਮਾਤਾ ਮੁਖਤਿਆਰ ਕੌਰ ਦੀ ਕੁੱਖੋਂ ਹੋਇਆ। ਮੁੱਢਲੀ ਸਿੱਖਿਆ ਪਿੰਡ ਦੇ ਸਕੂਲ ਤੋਂ ਪ੍ਰਾਪਤ ਕੀਤੀ। ਉਨ੍ਹਾਂ ਨੂੰ ਬਚਪਨ ਤੋਂ ਲਿਖਣ ਦਾ ਸ਼ੌਕ ਸੀ ਅਤੇ ਇਸੇ ਸ਼ੌਕ ਨੇ ਉਨ੍ਹਾਂ ਨੂੰ ਬੁਲੰਦੀਆਂ 'ਤੇ ਪਹੁੰਚਾ ਦਿੱਤਾ। ਬਚਨ ਬੇਦਿਲ ਨੇ ਆਪਣੀ ਕਲਮ ਨਾਲ ਮਾਂ-ਬੋਲੀ ਪੰਜਾਬੀ ਵਿੱਚ ਲਗਭਗ 500 ਗੀਤ ਲਿਖੇ ਹਨ, ਜੋ ਵੱਖ ਵੱਖ ਗਾਇਕਾਂ ਦੀ ਆਵਾਜ਼ ਵਿੱਚ ਰਿਕਾਰਡ ਹੋ ਚੁੱਕੇ ਹਨ। ਪੰਜਾਬੀ ਫਿਲਮਾਂ ਲਈ ਵੀ ਕਈ ਗੀਤ ਲਿਖੇ। ਕੁਝ ਦੇਰ ਪੰਜਾਬ ਪੁਲਸ ਵਿੱਚ ਨੌਕਰੀ ਵੀ ਕੀਤੀ। ਉਨ੍ਹਾਂ ਨੂੰ ਕੈਨੇਡਾ, ਕਲਕੱਤਾ ਤੇ ਹੈਦਰਾਬਾਦ ਦੀਆਂ ਪੰਜਾਬੀ ਸੰਸਥਾਵਾਂ ਵਲੋਂ ਵਿਸ਼ੇਸ਼ ਤੌਰ ਤੇ ਸਨਮਾਨਿਆ ਗਿਆ। ਇਸ ਤੋਂ ਇਲਾਵਾ ਹੋਰ ਅਨੇਕਾਂ ਸੰਸਥਾਵਾਂ ਵਲੋਂ ਮਾਨ-ਸਨਮਾਨ ਮਿਲ ਚੁੱਕੇ ਹਨ। ਇਸ ਸਮੇਂ ਉਹ ਕਈ ਸੰਸਥਾਵਾਂ ਨਾਲ ਜੁੜੇ ਹੋਏ ਹਨ ਅਤੇ ਨਵੇਂ ਲੇਖਕਾਂ ਨੂੰ ਸਮੇਂ-ਸਮੇਂ 'ਤੇ ਸੇਧ ਦੇਣਾ ਇਹ ਆਪਣਾ ਮੁੱਖ ਕਰਤੱਵ ਸਮਝਦੇ ਹਨ।

### ਚੱਲ ਮਨਾਂ ਚੱਲ ਉਸ ਪਿੰਡ ਚੱਲੀਏ

ਚੱਲ ਮਨਾਂ ਚੱਲ ਉਸ ਪਿੰਡ ਚੱਲੀਏ ਜਿਸ ਪਿੰਡ ਤੋਂ ਹਾਂ ਆਏ
ਜਿਸ ਪਿੰਡ ਦੇ ਇਕ ਘਰ ਦੀ ਛੱਤ 'ਤੇ ਬੈਠਾ ਕਾਂ ਕੁਰਲਾਏ

ਜਿਸ ਪਿੰਡ ਵਿਚ ਸਲੇਟੀ ਸ਼ਾਮਾਂ ਸੁਰਖ ਸੁਰਖ ਪ੍ਰਭਾਤਾਂ
ਸੋਨੇ ਰੰਗੇ ਸਿਖ਼ਰ ਦੁਪਹਿਰੇ ਚਾਂਦੀ ਰੰਗੀਆਂ ਰਾਤਾਂ

**ਔਖੇ ਸ਼ਬਦਾਂ ਦੇ ਅਰਥ**

ਕੁਰਲਾਏ : ਰੌਲਾ ਪਾਉਣਾ
ਸੁਰਖ ਸੁਰਖ ਪ੍ਰਭਾਤਾਂ : ਸੁਨਹਿਰੀ ਸਵੇਰ
ਸੋਨੇ ਰੰਗੇ : ਸੋਨੇ ਦੇ ਰੰਗ ਵਰਗੇ
ਚਾਂਦੀ ਰੰਗੀਆਂ : ਚਾਂਦੀ ਵਰਗੀਆਂ

ਜਿਸ ਪਿੰਡ ਭੱਠੀ ਉਤੇ ਬੈਠੀ ਭੁੰਨਦੀ ਭੂਆ ਦਾਣੇ
ਦਾਣੇ ਲੈ ਕੇ ਝੋਲੀ ਦੇ ਵਿਚ ਪਾਉਂਦੀ ਮੋੜ ਮਖਾਣੇ

ਜਿਸ ਪਿੰਡ ਕੱਚੇ ਘਰ ਕੁੜੀਆਂ ਨੇ ਲਿੱਪੇ ਲਾ ਲਾ ਤਲੀਆਂ
ਬੂਹੇ ਉਤੇ ਮੋਰ ਬਣਾਏ ਕੰਧਾਂ 'ਤੇ ਫੁੱਲ ਕਲੀਆਂ

ਜਿਸ ਪਿੰਡ ਦੇ ਵਿਚ ਖੂਹਾਂ ਦਾ ਵੀ ਸ਼ਰਬਤ ਵਰਗਾ ਪਾਣੀ
ਸ਼ਾਮ ਸਵੇਰੇ ਫ਼ਸਲਾਂ ਨੂੰ ਵੀ ਸੁਣਦੀ ਹੈ ਗੁਰਬਾਣੀ

ਜਿਸ ਪਿੰਡ ਜਦ ਵੀ ਆਥਣ ਹੋਵੇ ਰਾਗ ਇਲਾਹੀ ਛਿੜਦੇ
ਕਣਕਾਂ ਦੇ ਵਿਚ ਖਸ ਖਸ ਦੇ ਫੁੱਲ ਚੋਰੀ-ਚੋਰੀ ਖਿੜਦੇ

ਜਿਸ ਪਿੰਡ ਕੱਚੇ ਕੋਠਿਆਂ ਉਤੇ ਮਿਰਚਾਂ ਜਾਣ ਸੁਕਾਈਆਂ
ਸਭ ਛੱਤਾਂ ਨੇ ਜਿਦ ਕੇ ਜਾਣੀ ਚੁੰਨੀਆਂ ਲਾਲ ਰੰਗਾਈਆਂ

ਜਿਸ ਪਿੰਡ ਦੇ ਵਿਚ ਮਾਖਿਓਂ ਮਿੱਠੀ ਵਸਦੀ ਹੈ ਮਾਂ ਬੋਲੀ
ਉਸ ਬੋਲੀ ਵਿਚ ਵਾਰਿਸ ਬੁੱਲੇ ਸ਼ਿਵ ਨੇ ਮਿਸ਼ਰੀ ਘੋਲੀ

ਜਿਸ ਪਿੰਡ ਇਕ ਮਸੀਤ ਪੁਰਾਣੀ ਮੰਦਿਰ ਲਹਿੰਦੇ ਪਾਸੇ
ਚੜ੍ਹਦੇ ਪਾਸੇ ਘਰ ਗੁਰੂਆਂ ਦਾ ਹੁੰਦੇ ਨਿੱਤ ਅਰਦਾਸੇ

ਉਸ ਪਿੰਡ ਵਿਚ ਬਰੋਟਾ ਇਕ ਨਿਸ਼ਾਨੀ ਬੜੀ ਪੁਰਾਣੀ
ਲੋਕ ਸਿਆਣੇ ਦੱਸਦੇ ਮੇਰੇ ਪੜਦਾਦੇ ਦਾ ਹਾਣੀ

ਜਿਸ ਪਿੰਡ ਦੇ ਵਿਚ ਢਾਬ ਕਿਨਾਰੇ ਤ੍ਰਵੈਣੀ ਦੇ ਥੱਲੇ
ਹਾੜ੍ਹ ਮਹੀਨੇ ਵਿਚ ਵੀ ਠੰਡੀ ਪੌਣ ਪੁਰੇ ਦੀ ਚੱਲੇ

ਓਸ ਢਾਬ ਦੇ ਵਿਚ ਤਰਦੀਆਂ ਜੋ ਕੂੰਜਾਂ ਮੁਰਗਾਈਆਂ
ਕਮਲ ਫੁੱਲਾਂ ਦੀ ਲੈਣ ਸੁਗੰਧੀ ਪਾਰ ਸਮੁੰਦਰੋਂ ਆਈਆਂ

### ਔਖੇ ਸ਼ਬਦਾਂ ਦੇ ਅਰਥ

| | |
|---|---|
| ਭੱਠੀ | : ਜਿੱਥੇ ਦਾਣੇ ਭੁੰਨੇ ਜਾਂਦੇ ਹਨ (ਮਿੱਟੀ ਦੀ ਬਣੀ ਹੋਈ) |
| ਝੋਲੀ | : ਪੱਲਾ |
| ਮਖਾਣੇ | : ਖਿਲੇ ਹੋਏ ਦਾਣੇ |
| ਲਿੱਪੇ | : ਪੋਚਣਾ |
| ਤਲੀਆਂ | : ਗੋਬਰ/ਗੋਹਾ ਤੇ ਮਿੱਟੀ ਦਾ ਪੋਚਾ ਲਗਾਉਣਾ |
| ਬੂਹੇ | : ਦਰਵਾਜ਼ੇ |
| ਫੁੱਲ ਕਲੀਆਂ | : ਫੁੱਲ ਬੂਟੇ |
| ਸ਼ਰਬਤ | : ਮਿੱਠਾ ਪਾਣੀ |
| ਵਰਗਾ | : ਉਹੋ ਜਿਹਾ |
| ਗੁਰਬਾਣੀ | : ਗੁਰੂਆਂ ਦੀ ਬਾਣੀ |
| ਆਥਣ | : ਸ਼ਾਮ |
| ਰਾਗ ਇਲਾਹੀ | : ਰੱਬੀ ਸੰਗੀਤ |
| ਕੋਠਿਆਂ | : ਘਰਾਂ |
| ਮਾਖਿਓਂ | : ਸ਼ਹਿਦ |
| ਮਿਸਰੀ | : ਮਿਠਾਸ |
| ਲਹਿੰਦੇ ਪਾਸੇ | : ਜਿਧਰ ਸੂਰਜ ਛਿਪਦਾ ਹੈ |
| ਚੜ੍ਹਦੇ ਪਾਸੇ | : ਜਿਧਰੋਂ ਸੂਰਜ ਚੜ੍ਹਦਾ ਹੈ |
| ਅਰਦਾਸੇ | : ਫਰਿਆਦਾਂ |
| ਨਿੱਤ | : ਰੋਜ਼ਾਨਾ |
| ਬਰੋਟਾ | : ਇਕ ਵੱਡਾ ਦਰਖਤ, ਬੋਹੜ |
| ਪੜਦਾਦਾ | : ਪਿਤਾ ਦਾ ਦਾਦਾ |
| ਹਾਣੀ | : ਇਕੋ ਉਮਰ ਦੇ |
| ਢਾਬ | : ਜਿੱਥੇ ਵਰਖਾ ਦਾ ਪਾਣੀ ਇਕੱਠਾ ਹੁੰਦਾ ਹੈ |
| ਤ੍ਰਵੈਣੀ | : ਤਿੰਨ ਰੁੱਖਾਂ ਦਾ ਸੰਗਮ |
| ਪੌਣ | : ਹਵਾ |
| ਪੁਰੇ | : ਪੂਰਬ ਵਾਲੇ ਪਾਸੇ ਦੀ ਹਵਾ |
| ਸੁਗੰਧੀ | : ਖੁਸ਼ਬੋ |

ਜਿਸ ਪਿੰਡ ਦੇ ਵਿਚ ਵੜਦੇ ਹਾਂ ਜਦ ਨਜ਼ਰੀਂ ਪੈਣ ਗੁਹਾਰੇ
ਚਿਣ-ਚਿਣ ਲਾਈਆਂ ਗੋਲ ਪਾਥੀਆਂ ਲਾ ਕੇ ਚਿੱਤ ਉਸਾਰੇ

ਹਰ ਪਾਥੀ ਦੇ ਮੱਥੇ ਉੱਤੇ ਉੱਕਰੀਆਂ ਤਕਦੀਰਾਂ
ਕੁੜੀਆਂ-ਕੱਤਰੀਆਂ ਦੇ ਕੋਮਲ ਹੱਥਾਂ ਦੀਆਂ ਲਕੀਰਾਂ

ਪਾਂਡੂ ਦੇ ਸੰਗ ਲਿੱਪ-ਲਿੱਪ ਉੱਤੇ ਕੀਤੀ ਚਿੱਤਰਕਾਰੀ
ਪਿੰਡ ਗੁਹਾਰਿਆਂ ਤੋਂ ਦਿਸ ਜਾਂਦਾ ਕਹਿੰਦੀ ਦੁਨੀਆਂ ਸਾਰੀ

ਜਿਸ ਪਿੰਡ ਖੂਹੀਆਂ ਦੇ ਵਿਚ ਖੌਰੇ ਕਿਸਨੇ ਸ਼ਹਿਦ ਮਿਲਾਇਆ
ਉਂਗਲਾਂ ਚਟਦਾ ਰਹਿ ਜੇ ਪਾਣੀ ਪੀ ਲੈ ਜੇ ਤ੍ਰਿਹਾਇਆ

ਰੂਹਾਂ ਨੂੰ ਨਸ਼ਿਆ ਦਿੰਦੀ ਹੈ ਜਿਸ ਪਿੰਡ ਦੀ ਹਰਿਆਲੀ
ਖ਼ੁਸ਼ੀਆਂ ਦੇ ਵਿਚ ਖੀਵੀ ਹੋ ਕੇ ਨਚਦੀ ਡਾਲੀ-ਡਾਲੀ

ਜਿਸ ਪਿੰਡ ਦੇ ਵਿਚ ਬਾਜ਼ੀਗਰ ਨੇ ਬਾਜ਼ੀ ਆ ਕੇ ਪਾਉਂਦੇ
ਕੜਿਆਂ ਵਿਚ ਦੀ ਲਿਫ-ਲਿਫ ਲੰਘਦੇ ਕੌਤਕ ਬੜੇ ਵਿਖਾਉਂਦੇ

ਜਿਸ ਪਿੰਡ ਦੇ ਵਿਚ ਊੜਾ ਆੜਾ ਈੜੀ ਸੀ ਜਦ ਪੜ੍ਹਦੇ
ਫੁੱਲਾਂ ਉਤੋਂ ਰੰਗ-ਬਰੰਗੀਆਂ ਤਿਤਲੀਆਂ ਸੀ ਫੜਦੇ

ਮੁੱਠੀਆਂ ਉਤੇ ਪਿੱਪਲ ਪੱਤੀਆਂ ਰੱਖ ਪਟਾਕੇ ਪਾਉਣੇ
ਰੇਤੇ ਦੇ ਘਰ ਪੈਰਾਂ ਉਤੇ ਰੀਝਾਂ ਨਾਲ ਬਣਾਉਣੇ

ਜਿਸ ਪਿੰਡ ਬੇਬੇ ਸਾਗ ਬਣਾਉਂਦੀ ਨਾਲ ਮੱਕੀ ਦੀ ਰੋਟੀ
ਚਿੱਬੜਾਂ ਵਾਲੀ ਚਟਣੀ ਮਿਲਦੀ ਕੂੰਡੇ ਦੇ ਵਿਚ ਘੋਟੀ

ਦੁੱਧ ਮਲਾਈਆਂ ਦੇਸੀ ਘਿਉ ਦੀ ਕੁੱਟ-ਕੁੱਟ ਖਾਧੀ ਚੂਰੀ
ਪੈਰਾਂ ਦੇ ਵਿਚ ਚੀਕੂੰ-ਚੀਕੂੰ ਜੁੱਤੀਆਂ ਕਰਨ ਕਸੂਰੀ

### ਔਖੇ ਸ਼ਬਦਾਂ ਦੇ ਅਰਥ

ਗੁਹਾਰੇ : ਜਿਥੇ ਗੋਹੇ ਦੀਆਂ ਪਾਥੀਆਂ ਇਕੱਠੀਆਂ ਕੀਤੀਆਂ ਜਾਂਦੀਆਂ ਹਨ
ਚਿਣ ਚਿਣ : ਤਰਤੀਬਵਾਰ
ਪਾਥੀਆਂ : ਗੋਹੇ ਦਾ ਬਾਲਣ
ਚਿੱਤ ਉਸਾਰੇ : ਦਿਲ ਲਗਾ ਕੇ ਬਣਾਉਣਾ
ਉੱਕਰੀਆਂ : ਉਲੀਕੀਆਂ
ਤਕਦੀਰਾਂ : ਕਿਸਮਤਾਂ
ਕੋਮਲ : ਨਾਜ਼ਕ
ਲਕੀਰਾਂ : ਰੇਖਾਵਾਂ
ਪਾਂਡੂ : ਚਿਕਨੀ ਮਿੱਟੀ
ਲਿਪ ਲਿਪ : ਪੋਚਣਾ
ਖੂਹੀਆਂ : ਛੋਟੇ ਖੂਹ
ਖੌਰੇ : ਪਤਾ ਨਹੀਂ
ਤ੍ਰਿਹਾਇਆ : ਪਿਆਸਾ
ਰੂਹ : ਆਤਮਾ
ਖੀਵੀ : ਖੁਸ਼ੀ
ਡਾਲੀ ਡਾਲੀ : ਟਾਹਣੀ ਟਾਹਣੀ
ਬਾਜੀ : ਕਰਤੱਵ
ਕੜਿਆਂ : ਲੋਹੇ ਦੇ ਗੋਲ ਛੱਲੇ
ਲਿਫ ਲਿਫ : ਝੁਕ ਕੇ
ਕੌਤਕ : ਕਰਤੱਵ
ਪਿੱਪਲ ਪੱਤੀਆਂ : ਪਿੱਪਲ ਦੇ ਪੱਤੇ
ਪਟਾਖੇ ਪਾਉਣੇ : ਪਟਾਖੇ ਚਲਾਉਣੇ
ਰੀਝਾਂ : ਚਾਵਾਂ ਨਾਲ
ਬੇਬੇ : ਮਾਂ/ ਬਜ਼ੁਰਗ ਔਰਤ
ਕੂੰਡਾ : ਚਟਨੀ ਬਣਾਉਣ ਵਾਲਾ ਪੱਥਰ ਦਾ ਭਾਂਡਾ
ਘੋਟਾ : ਰਗੜਾ ਲਾਉਣਾ
ਚੀਕੂੰ ਚੀਕੂੰ : ਆਵਾਜ਼ ਆਉਣੀ
ਕਸੂਰੀ : ਪਾਕਿਸਤਾਨ ਦੇ ਸ਼ਹਿਰ ਕਸੂਰ ਦੀਆਂ ਬਣੀਆਂ ਹੋਈਆਂ

ਪਿੰਡ ਦੇ ਇਕ ਦਰਵਾਜੇ ਬੈਠਾ ਫੁੱਲ ਕੱਢਦਾ ਫੁਲਕਾਰੀ
ਰੰਗ-ਬਿਰੰਗੀਆਂ ਚੁੰਨੀਆਂ ਰੰਗਦਾ ਥੱਕਦਾ ਨਹੀਂ ਲਲਾਰੀ

ਜਿਸ ਪਿੰਡ ਵਿਚ ਵਿਸਾਖ ਮਹੀਨੇ ਜਦੋਂ ਵਿਸਾਖੀ ਆਵੇ
ਖ਼ੁਸ਼ੀਆਂ ਦੇ ਵਿਚ ਅੰਬਰ ਨੱਚੇ ਧਰਤੀ ਗਿੱਧਾ ਪਾਵੇ

ਜਿਸ ਪਿੰਡ ਦੇ ਵਿਚ ਹਾੜ੍ਹ ਮਹੀਨੇ ਪੱਕਣ ਸੰਧੂਰੀ ਅੰਬੀਆਂ
ਅੰਬੀਆਂ ਉਤੇ ਕੋਇਲ ਕੂਕੇ ਹੇਕਾਂ ਲੰਬੀਆਂ-ਲੰਬੀਆਂ

ਘੁੰਮਿਆ ਸਾਰੀ ਦੁਨੀਆਂ 'ਬੇਦਿਲ' ਵੇਖੇ ਸ਼ਹਿਰ ਹਜ਼ਾਰਾਂ
ਪਰ ਮੈਂ ਅਪਣੇ ਸੋਹਣੇ ਪਿੰਡ ਤੋਂ ਲੱਖਾਂ ਪੈਰਿਸ ਵਾਰਾਂ

### ਔਖੇ ਸ਼ਬਦਾਂ ਦੇ ਅਰਥ

| | |
|---|---|
| ਲਲਾਰੀ | : ਕੱਪੜੇ ਰੰਗਣ ਵਾਲਾ |
| ਵਿਸਾਖ | : ਦੇਸੀ ਮਹੀਨੇ ਦਾ ਨਾਂ (ਅਪ੍ਰੈਲ) |
| ਅੰਬਰ | : ਆਸਮਾਨ |
| ਹਾੜ੍ਹ ਮਹੀਨੇ | : ਦੇਸੀ ਮਹੀਨੇ ਦਾ ਨਾਂ (ਜੂਨ) |
| ਸੰਧੂਰੀ | : ਲਾਲ ਰੰਗ |
| ਕੂਕੇ | : ਬੋਲਣਾ |
| ਹੇਕਾਂ | : ਆਵਾਜ਼ਾਂ |
| ਵਾਰਾਂ | : ਕੁਰਬਾਨ ਕਰਨਾ |

## ਟਿੱਪਣੀ

ਇਹ ਕਾਵਿ-ਟੁਕੜੀਆਂ ਕਵੀ ਤੇ ਗੀਤਕਾਰ ਬਚਨ ਬੇਦਿਲ ਦੇ ਕਾਵਿ-ਸੰਗ੍ਰਹਿ 'ਪਿੰਡ ਅਵਾਜ਼ਾਂ ਮਾਰਦਾ' ਵਿੱਚੋਂ ਲਈਆਂ ਗਈਆਂ ਹਨ। ਮੂਲ ਰੂਪ ਵਿੱਚ ਇਹ ਇੱਕ ਲੰਮੀ ਕਵਿਤਾ ਹੈ। ਇਸ ਵਿੱਚ ਕਵੀ ਨੇ ਆਪਣੇ ਪਿੰਡ ਦੀ ਯਾਦ ਦਾ ਜ਼ਿਕਰ ਕੀਤਾ ਹੈ। ਸ਼ਹਿਰੀਕਰਨ ਦੇ ਅਜੋਕੇ ਮਾਹੌਲ ਵਿੱਚ ਅਸੀਂ ਆਪਣੇ ਪੇਂਡੂ ਸੱਭਿਆਚਾਰ ਨੂੰ ਭੁੱਲਦੇ ਜਾ ਰਹੇ ਹਾਂ। ਇਸ ਵਿੱਚ ਉਹ ਪਿੰਡ ਨੂੰ ਯਾਦ ਰੱਖਣ ਦੀ ਪ੍ਰੇਰਣਾ ਦੇ ਰਿਹਾ ਹੈ। ਇਸ ਲਈ ਇਹ ਰਚਨਾ ਸਾਨੂੰ ਸਾਡੇ ਸੱਭਿਆਚਾਰ ਦੇ ਰੂ-ਬ-ਰੂ ਕਰਦੀ ਹੈ। ਇਹ ਗੱਲ ਪੁਸਤਕ ਦੇ ਨਾਂ ਤੋਂ ਹੀ ਸਿੱਧ ਹੋ ਜਾਂਦੀ ਹੈ। ਕਿਧਰੇ-ਕਿਧਰੇ ਸੂਖ਼ਮ ਵਿਅੰਗ ਵੀ ਹੈ। ਕਵੀ ਨੇ ਖੇਡਾਂ, ਖਾਣਿਆਂ, ਦ੍ਰਿਸ਼ਾਂ ਸਮੇਤ ਕੁਦਰਤੀ ਨਜ਼ਾਰਿਆਂ ਦੀ ਝਾਤ ਪੁਆਈ ਹੈ। ਇਨ੍ਹਾਂ 'ਚੋਂ ਬਹੁਤ ਕੁਝ ਅਲੋਪ ਹੁੰਦਾ ਜਾ ਰਿਹਾ ਹੈ। ਇਸ ਲਈ ਕਵੀ ਨੇ ਸੰਵੇਦਨਸ਼ੀਲ ਹੋ ਕੇ ਪੇਂਡੂ ਸੱਭਿਆਚਾਰ ਪ੍ਰਤੀ ਆਪਣੀ ਭਾਵਨਾ ਦਾ ਪ੍ਰਗਟਾਵਾ ਕੀਤਾ ਹੈ।

## ਅਭਿਆਸ

**1. ਦੱਸੋ ਖਾਂ ਭਲਾ :**

(i) ਕਾਂ ਦੇ ਕੁਰਲਾਉਣ ਦਾ ਕੀ ਅਰਥ ਸਮਝਿਆ ਜਾਂਦਾ ਹੈ ?
(ii) ਸੁਰਖ ਪ੍ਰਭਾਤਾਂ ਸਮੇਂ ਕਿਹੋ ਜਿਹਾ ਵਾਤਾਵਰਣ ਹੁੰਦਾ ਹੈ ?
(iii) ਭੱਠੀ 'ਤੇ ਦਾਣੇ ਕੌਣ ਭੁੰਨਦਾ ਹੈ ?
(iv) ਕੱਚੇ ਘਰਾਂ ਨੂੰ ਕਿਉਂ ਲਿੱਪਿਆ ਜਾਂਦਾ ਹੈ ?
(v) ਖੂਹਾਂ ਦਾ ਪਾਣੀ ਸ਼ਰਬਤ ਵਰਗਾ ਕਿਉਂ ਸਮਝਿਆ ਜਾਂਦਾ ਹੈ ?
(vi) ਕੋਠਿਆਂ ਉੱਤੇ ਮਿਰਚਾਂ ਕਿਉਂ ਸੁਕਾਈਆਂ ਜਾਂਦੀਆਂ ਹਨ ?
(vii) ਵਾਰਸ ਬੁੱਲ੍ਹੇ ਤੇ ਸ਼ਿਵ ਵਲੋਂ ਮਾਂ-ਬੋਲੀ 'ਚ ਮਿਸਰੀ ਘੋਲਣ ਤੋਂ ਕੀ ਭਾਵ ਹੈ ?
(viii) ਪਿੰਡ ਦਾ 'ਬਰੋਟਾ' ਕਿਸ ਚੀਜ਼ ਦੀ ਨਿਸ਼ਾਨੀ ਸਮਝਿਆ ਜਾਂਦਾ ਹੈ ?



(ix) ਪਿੰਡ ਦੇ ਗੁਹਾਰਿਆਂ ਉੱਪਰ ਨਜ਼ਰ ਪੈਣ 'ਤੇ ਕੀ ਪਤਾ ਲਗਦਾ ਹੈ ?

(x) ਹਰਿਆਲੀ ਨਾਲ ਰੂਹ ਕਿਵੇਂ ਨਸ਼ਿਆਈ ਜਾਂਦੀ ਹੈ ?

**2. ਹੇਠ ਲਿਖੀਆਂ ਕਾਵਿ-ਸਤਰਾਂ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :**

ਜਿਸ ਪਿੰਡ ਜਦ ਵੀ ਆਥਣ ਹੋਵੇ ਰਾਗ ਇਲਾਹੀ ਛਿੜਦੇ
ਕਣਕਾਂ ਦੇ ਵਿਚ ਖਸ ਖਸ ਦੇ ਫੁੱਲ ਚੋਰੀ-ਚੋਰੀ ਖਿੜਦੇ

ਪਾਂਡੂ ਦੇ ਸੰਗ ਲਿੱਪ-ਲਿੱਪ ਉੱਤੇ ਕੀਤੀ ਚਿੱਤਰਕਾਰੀ
ਪਿੰਡ ਗੁਹਾਰਿਆਂ ਤੋਂ ਦਿਸ ਜਾਂਦਾ ਕਹਿੰਦੀ ਦੁਨੀਆਂ ਸਾਰੀ

(i) ਉਪਰੋਕਤ ਕਾਵਿ-ਟੁਕੜੀ ਦਾ ਲੇਖਕ ਕੌਣ ਹੈ ?

(ii) ਇਨ੍ਹਾਂ ਕਾਵਿ-ਸਤਰਾਂ ਵਿੱਚ 'ਆਥਣ' ਦਾ ਕੀ ਅਰਥ ਲਿਆ ਗਿਆ ਹੈ ?

(iii) 'ਗੁਹਾਰਿਆਂ' 'ਤੋਂ ਪਿੰਡ ਕਿਵੇਂ ਦਿਸਦਾ ਹੈ ?

**3. ਹੇਠ ਲਿਖੀਆਂ ਕਾਵਿ-ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

ਜਿਸ ਪਿੰਡ ਦੇ ਵਿਚ ਮਾਖਿਓਂ ਮਿੱਠੀ ਵਸਦੀ ਹੈ ਮਾਂ ਬੋਲੀ
ਉਸ ਬੋਲੀ ਵਿਚ ਵਾਰਿਸ ਬੁੱਲੇ ਸ਼ਿਵ ਨੇ ਮਿਸ਼ਰੀ ਘੋਲੀ

ਜਿਸ ਪਿੰਡ ਦੇ ਵਿਚ ਊੜਾ ਆੜਾ ਈੜੀ ਸੀ ਜਦ ਪੜ੍ਹਦੇ
ਫੁੱਲਾਂ ਉਤੋਂ ਰੰਗ-ਬਰੰਗੀਆਂ ਤਿਤਲੀਆਂ ਸੀ ਫੜਦੇ

ਜਿਸ ਪਿੰਡ ਬੇਬੇ ਸਾਗ ਬਣਾਉਂਦੀ ਨਾਲ ਮੱਕੀ ਦੀ ਰੋਟੀ
ਚਿੱਬੜਾਂ ਵਾਲੀ ਚਟਣੀ ਮਿਲਦੀ ਕੂੰਡੇ ਦੇ ਵਿਚ ਘੋਟੀ

ਦੁੱਧ ਮਲਾਈਆਂ ਦੇਸੀ ਘਿਉ ਦੀ ਕੁੱਟ-ਕੁੱਟ ਖਾਧੀ ਚੂਰੀ
ਪੈਰਾਂ ਦੇ ਵਿਚ ਚੀਕੂੰ-ਚੀਕੂੰ ਜੁੱਤੀਆਂ ਕਰਨ ਕਸੂਰੀ

## ਆਉ ਕੁਝ ਹੋਰ ਕਰੀਏ

### ੳ. ਪਾਠ ਤੋਂ ਅੱਗੇ :

(i) ਪਿੰਡ ਦੇ ਗੁਹਾਰਿਆਂ, ਬਰੋਟਿਆਂ, ਮੇਲਿਆਂ ਦੇ ਦ੍ਰਿਸ਼ਾਂ ਨਾਲ ਪਿੰਡ ਨੂੰ ਦਰਸਾਉਂਦਾ ਇੱਕ ਚਿੱਤਰ ਬਣਾਉ।

(ii) ਪੇਂਡੂ ਸਭਿਆਚਾਰ ਨੂੰ ਪ੍ਰਗਟਾਉਂਦੀ ਇਕ ਕਵਿਤਾ ਲਿਖੋ।

(iii) ਤੁਸੀਂ ਪੇਂਡੂ ਜ਼ਿੰਦਗੀ ਬਾਰੇ ਕੀ ਜਾਣਦੇ ਹੋ ? ਇਸ ਨਾਲ ਸੰਬੰਧਤ ਜਾਣਕਾਰੀ ਭਰਪੂਰ 200 ਸ਼ਬਦਾਂ ਦਾ ਇੱਕ ਲੇਖ ਲਿਖੋ।

(iv) ਕੀ ਅਜੋਕੇ ਸਮੇਂ ਵਿੱਚ ਜ਼ਿਆਦਾਤਰ ਲੋਕ ਸ਼ਹਿਰਾਂ ਵਿੱਚ ਰਹਿਣਾ ਪਸੰਦ ਕਰਦੇ ਹਨ। ਤੁਹਾਡੇ ਇਸ ਬਾਰੇ ਕੀ ਵਿਚਾਰ ਹਨ ? ਵਿਸਤਾਰ ਵਿੱਚ ਲਿਖੋ।

(v) ਪਿੰਡਾਂ ਤੇ ਸ਼ਹਿਰਾਂ ਦੇ ਜੀਵਨ ਦੀ ਤੁਲਨਾ ਕਰਦਿਆਂ ਇੱਕ ਪ੍ਰੋਜੈਕਟ ਤਿਆਰ ਕਰੋ।

## ਅ. ਪਾਠ ਦੇ ਆਧਾਰ 'ਤੇ ਠੀਕ ( ✔ ) ਜਾਂ ਗ਼ਲਤ ( ✖ ) ਦਾ ਨਿਸ਼ਾਨ ਬਣਾਉ :

(i) ਕਵੀ ਦੇ ਕਾਲਪਨਿਕ ਪਿੰਡ ਵਿੱਚ ਸਭ ਧਰਮਾਂ ਦੇ ਸਥਾਨ ਹਨ। ☐

(ii) ਪਿੰਡ ਦੀ ਪਛਾਣ ਬਰੋਟੇ ਤੋਂ ਹੋ ਜਾਂਦੀ ਹੈ। ☐

(iii) ਕੁੜੀਆਂ ਕੱਚੇ ਘਰਾਂ ਨੂੰ ਸੀਮਿੰਟ ਨਾਲ ਲਿੱਪਦੀਆਂ ਹਨ। ☐

(iv) ਪਿੰਡ ਵਿੱਚ ਬਾਜ਼ੀਗਰ ਆਪਣੇ ਜ਼ੌਹਰ ਦਿਖਾਉਂਦੇ ਹਨ। ☐

(v) ਹਾੜ ਦੇ ਮਹੀਨੇ ਵਿੱਚ ਪੀਲੇ ਰੰਗ ਦੀਆਂ ਅੰਬੀਆਂ ਪੱਕਦੀਆਂ ਹਨ। ☐

## ੲ. ਖਾਲੀ ਥਾਵਾਂ ਭਰੋ :

(i) ਨਿੱਕੀ ਉਮਰ ਵਿੱਚ ਕਵੀ ਨੂੰ ... ਫੜਨ ਦਾ ਸ਼ੌਂਕ ਸੀ।

(ii) ਪਿੰਡ ਦੀ ਪਛਾਣ ... ਤੋਂ ਹੋ ਜਾਂਦੀ ਹੈ।

(iii) ... ਕੰਧਾਂ 'ਤੇ ਬਣਾਈਆਂ ਜਾਂਦੀਆਂ ਹਨ।

(iv) ਮਿਰਚਾਂ ਸੁਕਾਉਣ ਦੀ ਤੁਲਣਾ ... ਨਾਲ ਕੀਤੀ ਜਾਂਦੀ ਹੈ।

(v) ਪਿੰਡ ਵਿੱਚ ਤ੍ਰਿਵੈਣੀ ਦੇ ਹੇਠਾਂ ... ਚਲਦੀ ਹੈ।

ਤਿਤਲੀਆਂ ਠੰਢੀ ਹਵਾ

ਗੁਹਾਰਿਆਂ

ਚੁੰਨੀਆਂ ਫੁੱਲ ਕਲੀਆਂ

## ਸ. ਜੋੜੇ ਬਣਾਉ :

| | |
|---|---|
| ਭੱਠੀ | ਪਾਣੀ |
| ਖੂਹ | ਕੂੰਜਾਂ |
| ਢਾਬ | ਕੂੰਡਾ |
| ਚਟਣੀ | ਦਾਣੇ |

## ਹ. ਵਿਰੋਧੀ ਸ਼ਬਦ ਲਿਖੋ :

(i) ਬਣਾਉਣਾ ...

(ii) ਫੜਨਾ ...

(iii) ਪੱਕਾ ...

(iv) ਉਸਾਰਨਾ ...

ਕ. 'ਕਾਂ', ਕਾਂ-ਕਾਂ ਕਰਦਾ ਹੈ। ਇਸੇ ਤਰ੍ਹਾਂ ਹੇਠ ਲਿਖਿਆਂ ਦੀ ਆਵਾਜ਼ ਨੂੰ ਤੁਸੀਂ ਕੀ ਕਹੋਗੇ ?

(i) ਕੂੰਜ ...
(ii) ਮੁਰਗਾਬੀ ...
(iii) ਕੋਇਲ ...
(iv) ਕਸੂਰੀ ਜੁੱਤੀ ...

ਖ. ਭਠਿਆਰਨ ਦਾਣੇ ਭੁੰਨਦੀ ਹੈ। ਇਸੇ ਤਰ੍ਹਾਂ ਪਾਠ ਦੇ ਆਧਾਰ 'ਤੇ ਹੇਠ ਲਿਖਿਆਂ ਦੇ ਕੰਮ ਜਾਂ ਪ੍ਰਵਿਰਤੀ ਬਾਰੇ ਲਿਖੋ :

(i) ਚਿੱਤਰਕਾਰ ...
(ii) ਬੇਬੇ ...
(iii) ਬਾਜ਼ੀਗਰ ...
(iv) ਲਲਾਰੀ ...

ਗ. ਵਾਕ ਬਣਾਉ :

(i) ਗੁਹਾਰੇ ... ... ... ...
(ii) ਸੰਧੂਰੀ ਅੰਬੀਆਂ ... ... ... ...
(iii) ਬਰੋਟਾ ... ... ... ...
(iv) ਸੁਰਖ ਪ੍ਰਭਾਤ ... ... ... ...



# ਵਿਰਸੇ ਦੇ ਵਾਰਸੋ

## ਜਗੀਰ ਮਾਣਕੀਆ

### ਸ਼ਖ਼ਸੀਅਤ ਤੇ ਰਚਨਾ



ਗੀਤਕਾਰ ਜਾਗੀਰ ਮਾਣਕੀਆ ਦਾ ਜਨਮ ਜਲੰਧਰ ਜ਼ਿਲ੍ਹੇ ਦੇ ਪਿੰਡ ਮਾਣਕੋ ਵਿਖੇ ਪਿਤਾ ਉਜਾਗਰ ਸਿੰਘ ਦੇ ਘਰ ਮਾਤਾ ਚੰਨਣ ਕੌਰ ਦੀ ਕੁੱਖੋਂ ਹੋਇਆ। ਉਹ ਪੰਜਾਬੀ ਸਾਹਿਤ-ਜਗਤ ਦੇ ਮਸ਼ਹੂਰ ਗੀਤਕਾਰ ਹਨ। ਉਨ੍ਹਾਂ ਨੇ ਚੌਦਾਂ ਸਾਲਾਂ ਦੀ ਉਮਰ ਤੋਂ ਹੀ ਗੀਤਾਂ ਦੀ ਰਚਨਾ ਸ਼ੁਰੂ ਕਰ ਦਿੱਤੀ ਸੀ। ਕਈ ਨਾਮਵਰ ਗਾਇਕਾਂ ਨੇ ਉਨ੍ਹਾਂ ਦੇ ਲਿਖੇ ਗੀਤ ਗਾਏ ਹਨ। ਮਾਣਕੀਆ ਦੇ ਗੀਤਾਂ ਵਿੱਚ ਸਾਫ਼-ਸੁਥਰੇ ਸੱਭਿਆਚਾਰ ਦੀ ਝਲਕ ਵਿਖਾਈ ਦਿੰਦੀ ਹੈ। 'ਸਰਹੰਦ ਦੀ ਦੀਵਾਰ' ਸਮੇਤ ਉਨ੍ਹਾਂ ਨੇ ਕਈ ਪ੍ਰਸਿੱਧ ਗੀਤ ਲਿਖੇ ਹਨ। ਉਨ੍ਹਾਂ ਦੀ ਗੀਤਾਂ ਦੀ ਪੁਸਤਕ 'ਚੁਰਾਹੇ ਖੜੀ ਸੋਚ' ਪ੍ਰਕਾਸ਼ਿਤ ਹੋ ਚੁੱਕੀ ਹੈ। ਉਨ੍ਹਾਂ ਨੂੰ ਸ਼ਾਮ ਚੁਰਾਸੀ ਮੇਲੇ ਸਮੇਤ ਹੋਰ ਕਈ ਸੰਸਥਾਵਾਂ ਵੱਲੋਂ ਮਾਣ-ਸਨਮਾਨ ਮਿਲ ਚੁੱਕੇ ਹਨ।

### ਵਿਰਸੇ ਦੇ ਵਾਰਸੋ

ਵਿਰਸੇ ਦੇ ਵਾਰਸੋ, ਤੁਸੀਂ ਵਿਰਸਾ ਸੰਭਾਲ ਰਖਿਉ,
ਮਾਂ ਦੀ ਕੁੱਖ ਤੇ ਬਾਪ ਦੀ ਪੱਗ ਦਾ ਖਿਆਲ ਰਖਿਉ।
ਕਲਮਾਂ ਨੂੰ ਰੋਕਿਉ ਨਾ ਲਫ਼ਜ਼ਾਂ ਨੂੰ ਟੋਕਿਉ ਨਾ,
ਜਿੰਦਾ ਜੋ ਸੋਚ ਆਪਣੀ ਹਮੇਸ਼ਾ ਹੀ ਨਾਲ ਰਖਿਉ।
ਖੂਹਾਂ ਨੂੰ ਪੂਰਿਉ ਨਾ ਬਲਦਾਂ ਨੂੰ ਵੇਚਿਉ ਨਾ,
ਫ਼ਸਲਾਂ ਬਚਾਉਣ ਦੇ ਲਈ ਟਿੰਡਾਂ ਦੀ ਭਾਲ ਰਖਿਉ।
ਮਮਤਾ ਕੀ ਹੁੰਦੀ ਮਾਂ ਦੀ ਪੁਛਿਓ ਅਨਾਥ ਕੋਲੋਂ
ਮਿਲ ਜਾਊ ਜਵਾਬ ਆਪੇ ਤੁਸੀਂ ਸਵਾਲ ਰਖਿਉ।

**ਔਖੇ ਸ਼ਬਦਾਂ ਦੇ ਅਰਥ**

ਵਿਰਸੇ : ਇਤਿਹਾਸ/ਪਿਛੋਕੜ
ਕੁੱਖ : ਗੋਦ
ਲਫ਼ਜ਼ਾਂ : ਸ਼ਬਦਾਂ
ਪੂਰਿਉ : ਭਰਿਓ
ਬਲਦਾਂ : ਬੈਲ
ਟਿੰਡਾਂ : ਪਾਣੀ ਭਰਨ ਲਈ ਕਤਾਰ ਵਿਚ ਖੂਹ 'ਤੇ ਚਲਦੀਆਂ ਹੋਈਆਂ

**ਔਖੇ ਸ਼ਬਦਾਂ ਦੇ ਅਰਥ**

ਮੋਹ : ਪਿਆਰ
ਚੇਤੇ : ਯਾਦ
ਪਾਕ : ਪਵਿੱਤਰ
ਘੋਲੋ : ਮਿਲਾਉ
ਸਿਰਜਣਾ : ਬਣਾਉਣਾ
ਸਾਜ਼ਾਂ : ਸੰਗੀਤ ਦੇ ਸਾਜ
ਚਰਨਾਂ : ਪੈਰਾਂ
ਰਬਾਬ : ਲੋਕ ਸਾਜ
ਭੱਤਾ : ਰੋਟੀ
ਆੜਾਂ : ਸਿੰਜਾਈ ਕਰਨ ਵਾਲੀਆਂ ਖਾਲੀਆਂ
ਗੰਢਾ : ਪਿਆਜ
ਕਾਰੇ : ਕਾਰਨਾਮੇ
ਓੜ ਕੇ : ਪਾ ਕੇ
ਨਿਤ : ਰੋਜ਼
ਤਕਦੇ : ਵੇਖਦੇ
ਧਾਹ : ਹਉਕਾ
ਵਤਨਾਂ : ਦੇਸ
ਬਾਲ : ਜਗਾਓ



ਮਿੱਟੀ ਦਾ ਮੋਹ ਪਾਲੋ ਰਹਿ ਕੇ ਵਿਦੇਸ਼ਾਂ ਵਿਚ ਵੀ,
ਚੇਤੇ ਸਦਾ ਯਾਰੋ ਹੱਸਦਾ ਪੰਜਾਬ ਰਖਿਉ।
ਰਿਸ਼ਤੇ ਨੇ ਪਾਕ ਸਾਰੇ ਪੰਜ ਪਾਣੀਆਂ ਦਾ ਵਾਸਾ,
ਘੋਲੋ ਨਾ ਜ਼ਹਿਰ ਕੋਈ, ਚੇਤੇ ਹਰ ਹਾਲ ਰਖਿਉ।
ਐਸੇ ਸੰਗੀਤ ਅੰਦਰ ਗੀਤਾਂ ਨੂੰ ਸਿਰਜਣਾ ਹੈ,
ਇਹਨਾਂ ਲੋਕ ਸਾਜ਼ਾਂ ਨੂੰ ਹਮੇਸ਼ਾਂ ਨਾਲ ਰਖਿਉ।
ਚਰਨਾਂ ਦੀ ਛੋਹ ਪ੍ਰਾਪਤ ਗੁਰੂਆਂ ਦੀ ਇਹੋ ਧਰਤੀ,
ਵੱਜਦੀ ਜੋ ਅੱਜ ਵੀ ਸੁਣਿਉ, ਸਾਂਭ ਕੇ ਰਬਾਬ ਰਖਿਉ।
ਭੱਤਾ ਕੋਈ ਲੈ ਕੇ ਜਾਵੇ, ਆੜਾਂ 'ਤੇ ਬਹਿ ਕੇ ਖਾਵੇ,
ਮੂਲੀ ਤੇ ਗੰਢਾ ਗੁੜ ਵੀ, ਰੋਟੀ ਦੇ ਨਾਲ ਰਖਿਉ।
ਫੈਸ਼ਨ ਦੀ ਦੌੜ ਵਿਚ, ਮੌਸਮ ਵੀ ਕਾਰੇ ਕਰਦਾ,
ਸਰਦੀ ਨਾ ਕਿਤੇ ਲਗ ਜਾਏ ਓੜ ਕੇ ਸ਼ਾਲ ਰਖਿਉ।
ਨਿਤ ਦੀ ਉਸਾਰੀ ਤਕਦੇ ਮਾਲੀ ਨੇ ਧਾਹ ਹੈ ਮਾਰੀ,
ਦਿਉ ਜ਼ਮੀਨ ਦੀ ਕਿਆਰੀ ਸਾਂਭ ਕੇ ਗੁਲਾਬ ਰਖਿਉ।
ਲੋਕਾਂ ਦੇ ਘਰ ਬਰਬਾਦ ਕਰਕੇ ਕੀ ਹੈ ਤੁਹਾਨੂੰ ਮਿਲਦਾ,
ਇਹ ਜ਼ਹਿਰ ਦਾ ਸੁਆਦ ਨਸ਼ਾ ਆਪ ਵੀ ਤਾਂ ਜ਼ਰਾ ਚਖਿਓ।
ਵਤਨਾਂ ਨੂੰ ਮੋੜਾ ਪਾਉ ਇਹ ਮਿੱਟੀ ਉਡੀਕਦੀ ਐ,
ਲੋਕਾਂ 'ਜਗੀਰ' ਏਸੇ ਲਈ ਦੀਵੇ ਜੋ ਬਾਲ ਰਖਿਉ।

## ਟਿੱਪਣੀ

ਗੀਤਕਾਰ ਜਾਗੀਰ ਮਾਣਕੀਆ ਆਪਣੇ ਇਸ ਗੀਤ ਵਿੱਚ ਵਿਰਸੇ ਲਈ ਚੇਤੰਨ ਜਾਪਦਾ ਹੈ। ਉਹ ਲੋਕਾਂ ਨੂੰ ਸੰਬੋਧਨ ਕਰਦਾ ਹੈ ਕਿ ਤੁਸੀਂ ਆਪਣੇ ਵਿਰਸੇ ਨੂੰ ਸੰਭਾਲ ਕੇ ਰੱਖਣਾ ਹੈ। ਜਿਵੇਂ ਮਾਂ ਦੀ ਕੁੱਖ ਅਤੇ ਪਿਓ ਦੀ ਪੱਗ ਭਾਵ ਇੱਜ਼ਤ ਦਾ ਖਿਆਲ ਰੱਖਦੇ ਹੋ। ਵਿਰਸੇ ਦੀ ਸੰਭਾਲ ਵਾਸਤੇ ਆਵਾਜ਼ ਬੁਲੰਦ ਕਰਨ ਵਾਲੇ ਲੇਖਕਾਂ ਦੇ ਰਾਹ ਵਿੱਚ ਰੁਕਾਵਟ ਨਾ ਪਾਉਣਾ। ਆਪਣੀ ਸੋਚ ਨੂੰ ਹਮੇਸ਼ਾ ਨਰੋਈ ਰੱਖਣਾ ਹੈ। ਸਾਡੇ ਵਿਰਸੇ ਦੀ ਅਨਮੋਲ ਨਿਸ਼ਾਨੀ ਖੂਹਾਂ ਨੂੰ ਮਿੱਟੀ ਨਾਲ ਨਾ ਭਰੋ ਤੇ ਨਾਲ ਹੀ ਕਿਸਾਨੀ ਦੇ ਪ੍ਰਤੀਕ ਬਲਦਾਂ ਨੂੰ ਨਾ ਵੇਚੋ। ਫਸਲਾਂ ਦੀ ਰਾਖੀ ਵਾਸਤੇ ਟਿੰਡਾਂ ਦੀ ਤਲਾਸ਼ ਜਾਰੀ ਰੱਖਣੀ ਚਾਹੀਦੀ ਹੈ। ਮਾਂ ਦੀ ਮਮਤਾ ਜਾਂ ਪਿਆਰ ਦਾ ਅਹਿਸਾਸ ਕਿਸੇ ਅਨਾਥ ਕੋਲੋਂ ਹੀ ਹੋ ਸਕਦਾ ਹੈ। ਵਿਦੇਸ਼ ਵਿੱਚ ਰਹਿ ਕੇ ਵੀ ਆਪਣੇ ਵਤਨ ਨੂੰ ਯਾਦ ਰੱਖਣਾ ਚਾਹੀਦਾ ਹੈ। ਹੱਸਦੇ-ਗਾਉਂਦੇ ਪੰਜਾਬ ਨੂੰ ਆਪਣੇ ਮਨ ਵਿੱਚ ਵਸਾ ਲਉ। ਇਥੋਂ ਦੇ ਪਾਣੀਆਂ ਦੇ ਰਿਸ਼ਤੇ ਬਹੁਤ ਸੁੱਚੇ ਹਨ। ਤੁਸੀਂ ਇਸ ਵਿੱਚ ਕਿਸੇ ਨੂੰ ਜ਼ਹਿਰ ਨਾ ਮਿਲਾਉਣ ਦਿਉ। ਇਹੋ ਜਿਹੇ ਗੀਤ, ਸੰਗੀਤ ਬਣਾਉ ਜਿੰਨਾਂ ਤੋਂ ਪ੍ਰੇਮ-ਪਿਆਰ ਦੀ ਆਵਾਜ਼ ਆਵੇ ਤੇ ਲੋਕ ਸਾਜ਼ਾਂ ਦੀ ਕਦਰ ਕਰੋ। ਸਾਡੇ ਲੋਕ-ਸਾਜ਼ 'ਰਬਾਬ' ਨੂੰ ਸੁਣੋ ਉਸ ਦੀ ਹਮੇਸ਼ਾ ਸੰਭਾਲ ਰੱਖੋ।

ਗੀਤਕਾਰ ਖੇਤਾਂ ਵਿੱਚ ਮੁਟਿਆਰ ਵਲੋਂ ਲਿਆਂਦੀ ਰੋਟੀ ਨਾਲ ਮੂਲੀ, ਗੰਢਾ ਤੇ ਗੁੜ ਦੇ ਸੁਆਦ ਨੂੰ ਯਾਦ ਕਰਦਾ ਹੈ। ਅਜੋਕੇ ਦੌਰ ਵਿੱਚ ਇਸ ਸਭ ਕੁਝ ਦੇ ਬਦਲ ਜਾਣ ਦਾ ਉਸ ਨੂੰ ਅਫ਼ਸੋਸ ਹੈ। ਗੀਤ ਵਿੱਚ ਅਸਲੀ ਸੱਭਿਆਚਾਰ ਨੂੰ ਅਪਨਾਉਣ ਉੱਪਰ ਜ਼ੋਰ ਦਿੱਤਾ ਗਿਆ ਹੈ। ਗੀਤਕਾਰ ਫ਼ੈਸ਼ਨ ਦੀ ਚਕਾਚੌਂਧ ਵਿਚ ਸਰੀਰ ਨੂੰ ਢਕ ਕੇ ਰੱਖਣ ਦੀ ਅਪੀਲ ਕਰਦਾ ਹੈ। ਉਹ ਮਾਲੀ ਦੇ ਪ੍ਰਤੀਕ ਰਾਹੀਂ ਪਰਵਾਸੀਆਂ ਨੂੰ ਵਿਰਸੇ ਦੀ ਸੰਭਾਲ ਲਈ ਦੁਹਾਈ ਪਾਉਂਦਾ ਹੈ। ਜਿਵੇਂ ਮਾਲੀ ਆਪਣੇ ਉੱਜੜੇ ਬੂਟੇ ਵੇਖ ਕੇ ਦੁਖੀ ਹੁੰਦਾ ਹੈ, ਉਸੇ ਤਰ੍ਹਾਂ ਗੀਤਕਾਰ ਵੀ ਤਿੜਕਦੀਆਂ ਕਦਰਾਂ-ਕੀਮਤਾਂ ਉੱਪਰ ਪੀੜਾ ਦਾ ਇਜ਼ਹਾਰ ਕਰਦਾ ਹੈ। ਉਹ ਪਰਵਾਸੀ ਦੀ ਉਡੀਕ ਵਿੱਚ ਹਮੇਸ਼ਾ ਦੀਵੇ ਬਾਲ ਕੇ ਰੱਖਣ ਲਈ ਦ੍ਰਿੜ ਹੈ।



## ਅਭਿਆਸ

**1. ਦੱਸੋ ਖਾਂ ਭਲਾ :**

(i) ਰਚਨਾ ਵਿੱਚ ਕੌਣ ਅਤੇ ਕਿਸ ਨੂੰ ਵਿਰਸਾ ਸੰਭਾਲਣ ਲਈ ਕਹਿ ਰਿਹਾ ਹੈ ?
(ii) ਮਾਂ ਦੀ ਕੁੱਖ ਤੇ ਬਾਪ ਦੀ ਪੱਗ ਤੋਂ ਕੀ ਭਾਵ ਹੈ ?
(iii) ਕਵੀ ਕਿਹੜੀ ਮਿੱਟੀ ਦੇ ਮੋਹ ਦੀ ਗੱਲ ਕਰਦਾ ਹੈ ?
(iv) ਪਾਕ ਰਿਸ਼ਤੇ ਤੋਂ ਕਵੀ ਦਾ ਕੀ ਭਾਵ ਹੈ ?
(v) ਭੱਤਾ ਲੈ ਕੇ ਖੇਤਾਂ ਵਿੱਚ ਕੌਣ ਜਾਂਦਾ ਹੈ ?
(vi) ਫੈਸ਼ਨ ਦੀ ਦੌੜ ਵਿੱਚ ਕੀ ਵਾਪਰਦਾ ਹੈ ?
(vii) 'ਗੀਤ' ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਸਪਸ਼ੱਟ ਕਰੋ।

**2. ਹੇਠ ਲਿਖੀਆਂ ਕਾਵਿ-ਸਤਰਾਂ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :**

ਮਮਤਾ ਕੀ ਹੁੰਦੀ ਮਾਂ ਦੀ ਪੁਛਿਓ ਅਨਾਥ ਕੋਲੋਂ
ਮਿਲ ਜਾਊ ਜਵਾਬ ਆਪੇ ਤੁਸੀਂ ਸਵਾਲ ਰਖਿਉ।
ਮਿੱਟੀ ਦਾ ਮੋਹ ਪਾਲੋ ਰਹਿ ਕੇ ਵਿਦੇਸ਼ਾਂ ਵਿਚ ਵੀ,
ਚੇਤੇ ਸਦਾ ਯਾਰੋ ਹੱਸਦਾ ਪੰਜਾਬ ਰਖਿਉ।
ਰਿਸ਼ਤੇ ਨੇ ਪਾਕ ਸਾਰੇ ਪੰਜ ਪਾਣੀਆਂ ਦਾ ਵਾਸਾ,
ਘੋਲੋ ਨਾ ਜ਼ਹਿਰ ਕੋਈ, ਚੇਤੇ ਹਰ ਹਾਲ ਰਖਿਉ।

(i) ਅਨਾਥ ਕੋਲੋਂ ਕਿਹੜੀ ਗੱਲ ਪੁੱਛਣ ਬਾਰੇ ਕਿਹਾ ਜਾ ਰਿਹਾ ਹੈ ?
(ii) ਵਿਦੇਸ਼ਾਂ ਵਿੱਚ ਜਾ ਕੇ ਕਿਸ ਨੂੰ ਯਾਦ ਰੱਖਣ ਦੀ ਅਪੀਲ ਕੀਤੀ ਗਈ ਹੈ ?
(iii) ਇਸ ਧਰਤੀ ਨੂੰ ਕਿੰਨਾਂ ਦੀ ਛੋਹ ਪ੍ਰਾਪਤ ਹੈ ?
(iv) 'ਪਾਕ' ਸ਼ਬਦ ਦਾ ਅਰਥ ਕੀ ਹੈ ?

**3. ਹੇਠ ਲਿਖੀਆਂ ਕਾਵਿ-ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

ਫੈਸਨ ਦੀ ਦੌੜ ਅੰਦਰ, ਮੌਸਮ ਵੀ ਕਾਰੇ ਕਰਦਾ,
ਸਰਦੀ ਨਾ ਕਿਧਰੇ ਲਗ ਜਾਏ ਓੜ੍ਹ ਕੇ ਸ਼ਾਲ ਰਖਿਉ।

ਨਿਤ ਦੀ ਉਸਾਰੀ ਤਕਦੇ ਮਾਲੀ ਨੂੰ ਧਾਹ ਹੈ ਮਾਰੀ,
ਦਿਉ ਜ਼ਮੀਨ ਦੀ ਕਿਆਰੀ ਸਾਂਭ ਕੇ ਗੁਲਾਬ ਰਖਿਉ।
ਲੋਕਾਂ ਦੇ ਘਰ ਬਰਬਾਦ ਕਰਕੇ ਕੀ ਹੈ ਤੁਹਾਨੂੰ ਮਿਲਦਾ,
ਇਹ ਜ਼ਹਿਰ ਦਾ ਸੁਆਦ ਨਸ਼ਾ ਆਪ ਵੀ ਤਾਂ ਜ਼ਰਾ ਚਖਿਓ।
ਵਤਨਾਂ ਨੂੰ ਮੋੜਾ ਪਾਉ ਇਹ ਮਿੱਟੀ ਉਡੀਕਦੀ ਐ,
ਲੋਕਾਂ 'ਜਗੀਰ' ਏਸੇ ਲਈ ਦੀਵੇ ਜੋ ਬਾਲ ਰਖਿਉ।

## ਆਉ ਕੁਝ ਹੋਰ ਕਰੀਏ

### ੳ. ਪਾਠ ਤੋਂ ਅੱਗੇ :

(i) ਸਾਡੇ ਦੇਸ ਵਿੱਚ ਵੱਖੋ-ਵੱਖਰੇ ਸੱਭਿਆਚਾਰ ਮਿਲਦੇ ਹਨ। ਇਸੇ ਸੱਭਿਆਚਾਰ ਦੀ ਨਿਵੇਕਲੀ ਪਛਾਣ ਹੈ 'ਪੰਜਾਬ'। ਮੌਜੂਦਾ ਪੰਜਾਬ ਦਾ ਨਕਸ਼ਾ ਬਣਾਉਂਦੇ ਹੋਏ ਮਾਝਾ, ਮਾਲਵਾ, ਦੁਆਬਾ ਦੀ ਪਛਾਣ ਕਰੋ।

(ii) ਪੰਜਾਬੀ ਸੱਭਿਆਚਾਰ ਦੀ ਦੂਜੇ ਭਾਰਤੀ ਸੱਭਿਆਚਾਰਾਂ ਨਾਲ ਤੁਲਣਾ ਨੂੰ ਦਰਸਾਉਂਦਾ ਹੋਇਆ ਇੱਕ ਚਾਰਟ ਤਿਆਰ ਕਰੋ।

(iii) ਕੀ ਤੁਸੀਂ ਕਦੇ ਆਪਣੇ ਸੱਭਿਆਚਾਰ ਦੇ ਵਿਰੁੱਧ ਕੋਈ ਕੰਮ ਕਰਨ ਦੀ ਜ਼ਿੱਦ ਕੀਤੀ ਹੈ ? ਇਸ ਕਾਰਨ ਤੁਹਾਨੂੰ ਘਰ ਵਾਲਿਆਂ ਦੇ ਗੁੱਸੇ ਦਾ ਸ਼ਿਕਾਰ ਹੋਣ ਪਿਆ ਹੋਵੇਗਾ। ਅਜਿਹੀ ਘਟਨਾ ਨੂੰ ਵਿਸਤਾਰ ਵਿੱਚ ਲਿਖੋ।

(iv) ਕੀ ਤੁਹਾਡੇ ਪਰਿਵਾਰ 'ਚੋਂ ਕੋਈ ਵਿਦੇਸ਼ ਗਿਆ ਹੈ ? ਉਸ ਨੂੰ ਆਪਣਾ ਵਿਰਸਾ ਸੰਭਾਲਣ ਦੀ ਪ੍ਰੇਰਣਾ ਦਿੰਦੇ ਹੋਏ ਇੱਕ ਖ਼ਤ ਲਿਖੋ।

(v) ਕੀ ਤੁਹਾਡੇ ਘਰ ਵਿੱਚ ਪਰੰਪਰਕ ਪੰਜਾਬੀ ਖਾਣਾ ਬਣਦਾ ਹੈ ? ਉਨ੍ਹਾਂ ਵਿੱਚੋਂ ਕਿਸੇ ਇੱਕ ਖਾਣੇ ਦੇ ਹਵਾਲੇ ਨਾਲ ਉਸ ਦੀ ਪਕਵਾਨ ਵਿਧੀ ਨੂੰ ਦਰਸਾਉਂਦਾ ਇੱਕ ਪ੍ਰੋਜੈਕਟ ਬਣਾਉ।

### ਅ. ਪਾਠ ਦੇ ਆਧਾਰ 'ਤੇ ਠੀਕ ( ✔ ) ਜਾ ਗ਼ਲਤ ( ✖ ) ਦਾ ਨਿਸ਼ਾਨ ਬਣਾਉ :

(i) ਨਸ਼ਾ ਲੋਕਾਂ ਦੀ ਜ਼ਿੰਦਗੀ ਬਰਬਾਦ ਕਰ ਦਿੰਦਾ ਹੈ। ☐

(ii) ਪਰਵਾਸੀਆਂ ਨੂੰ ਆਪਣਾ ਸਭਿਆਚਾਰ ਸੰਭਾਲਣ ਦੀ ਕੋਈ ਲੋੜ ਨਹੀਂ ਹੈ। ☐

(iii) ਕਵੀ ਅਨੁਸਾਰ ਬਲਦਾਂ ਨੂੰ ਸੰਭਾਲ ਕੇ ਕੁਝ ਨਹੀਂ ਮਿਲਦਾ। ☐

(iv) ਲੋਕ ਸਾਜ਼ਾਂ ਦੀ ਬੇਅਦਬੀ ਨਹੀਂ ਹੋਣੀ ਚਾਹੀਦੀ। ☐

(v) ਆਪਣੀ ਮਿੱਟੀ ਨਾਲ ਮੋਹ ਪਾਉਣਾ ਹੀ ਵਿਰਸੇ ਦੀ ਸੰਭਾਲ ਹੈ। ☐

### ੲ. ਖਾਲੀ ਥਾਵਾਂ ਭਰੋ :

| | |
|---|---|
| ਅਨਾਥ | ਪੰਜਾਬ |
| ਵਿਰਸੇ | |
| ਆੜਾਂ | ਰਬਾਬ |

(i) ਮਮਤਾ ਦਾ ਅਰਥ ... ਕੋਲੋਂ ਹੀ ਪਤਾ ਲੱਗ ਸਕਦਾ ਹੈ।

(ii) ਖੂਹਾਂ ਨੂੰ ਭਰ ਦੇਣ ਨਾਲ ... ਦੀ ਪਛਾਣ ਖਤਰੇ ਵਿੱਚ ਪੈ ਸਕਦੀ ਹੈ।

(iii) ਮਿੱਟੀ ਦਾ ਮੋਹ ਪਾਲ ਕੇ ਹੀ ... ਨੂੰ ਜਿਊਂਦਾ ਰੱਖਿਆ ਜਾ ਸਕਦਾ ਹੈ।

(iv) ਖੇਤਾਂ ਵਿੱਚ ਲੋਕ ... 'ਤੇ ਬਹਿ ਕੇ ਰੋਟੀ ਖਾਂਦੇ ਹਨ।

(v) ਗੁਰੂਆਂ ਦੀ ਛੋਹ ਪ੍ਰਾਪਤ ਧਰਤੀ ਉੱਪਰ ਅੱਜ ਵੀ ... ਵੱਜਦੀ ਹੈ।

### ਸ. ਜੋੜੇ ਬਣਾਉ :

| | |
|---|---|
| ਭੱਤਾ | ਕਿਆਰੀ |
| ਮਾਂ | ਰੋਟੀ |
| ਮਾਲੀ | ਬਰਬਾਦੀ |
| ਜ਼ਹਿਰ | ਮਮਤਾ |

### ਹ. ਵਿਰੋਧੀ ਸ਼ਬਦ ਬਣਾਉ :

(i) ਅਬਾਦੀ ...

(ii) ਹੱਸਣਾ ...

(iii) ਛੋਹ ...

(iv) ਬਾਲਣਾ ...

### ਕ. ਵਾਕ ਬਣਾਉ :

(i) ਟਿੰਡਾਂ ... ... ... ...

(ii) ਫ਼ਸਲ ... ... ... ...

(iii) ਫ਼ੈਸ਼ਨ ... ... ... ...

(iv) ਦੀਵੇ ... ... ... ...

### ਖ. ਸਮਾਨਾਰਥਕ ਸ਼ਬਦ ਲਿਖੋ :

(i) ਨਿੱਤ ...

(ii) ਚੇਤੇ ...

(iii) ਮੋੜਾ ...

(iv) ਧਾਹ ...